PRGI (RNI) Regd. N0.42998/1985
ਦਫਤਰ : 104, ਡੀ. ਐਸ. ਆਈ. ਡੀ. ਸੀ., ਓਖਲਾ ਇੰਡਸਟਰੀਅਲ ਏਰੀਆ, ਫੇਜ਼ 1 ਨਵੀਂ ਦਿੱਲੀ
ਫੋਨ : 41503144
ਫੈਕਸ-011-23353936
email:educatord@gmail.com

ਰੋਜ਼ਾਨਾ

www.dailyeducator.in

# ਐਜੂਕੇਟਰ

ਨਵੀਂ ਦਿੱਲੀ

ਕੁਲ ਪੇਜ/Total Pages : 8

Chief Editor : Harpreet Singh    ਮੁੱਖ ਸੰਪਾਦਕ : ਹਰਪ੍ਰੀਤ ਸਿੰਘ

ਸਾਲ/YEAR 41
ਅੰਕ ਨੰ/Volume No.: 26
ਸੋਮਵਾਰ, 26 ਜਨਵਰੀ 2026
Monday, 26 January 2026
ਮੁੱਲ : 2/- ਰੁਪਏ
Price-Rs. 2/-

THE DAILY EDUCATOR NEW DELHI

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਤੋਂ ਛਪਣ ਵਾਲਾ ਪੰਜਾਬੀ ਦਾ ਪੁਰਾਣਾ ਤੇ ਪ੍ਰਸਿੱਧ ਅਖ਼ਬਾਰ

### ਜੰਮੂ-ਸ੍ਰੀਨਗਰ ਕੌਮੀ ਮਾਰਗ 'ਤੇ ਆਵਾਜਾਈ ਅੰਸ਼ਕ ਤੌਰ 'ਤੇ ਬਹਾਲ

## ਵੱਡੀ ਗਿਣਤੀ ਲੋਕ ਹਾਲੇ ਵੀ ਰਸਤਿਆਂ ਵਿਚ ਫਸੇ; ਬਰਫ ਕਾਰਨ ਤਿਲਕਣ ਵਧੀ; ਕਈ ਵਾਹਨਾਂ ਦਾ ਨੁਕਸਾਨ

ਜੰਮੂ, 25 ਜਨਵਰੀ (ਪ.ਪ) : ਜੰਮੂ-ਸ੍ਰੀਨਗਰ ਕੌਮੀ ਮਾਰਗ ਭਾਰੀ ਬਰਫ਼ਬਾਰੀ ਕਾਰਨ ਦੋ ਦਿਨਾਂ ਤੋਂ ਵੱਧ ਸਮੇਂ ਤੱਕ ਬੰਦ ਰਿਹਾ ਸੀ। ਇਸ ਮਾਰਗ 'ਤੇ ਅੱਜ ਐਤਵਾਰ ਨੂੰ ਆਵਾਜਾਈ ਅੰਸ਼ਕ ਤੌਰ 'ਤੇ ਬਹਾਲ ਕਰ ਦਿੱਤੀ ਗਈ ਹੈ।ਸ੍ਰੀਨਗਰ ਸਮੇਤ ਕਸ਼ਮੀਰ ਦੇ ਕੁਝ ਹਿੱਸਿਆਂ ਵਿੱਚ ਅੱਜ ਸਵੇਰੇ ਤਾਜ਼ਾ ਬਰਫ਼ਬਾਰੀ ਹੋਈ ਜਿਸ ਕਾਰਨ ਹਾਈਵੇਅ 'ਤੇ ਬਰਫ਼ ਹਟਾਉਣ ਦੇ ਕੰਮ ਵਿੱਚ ਰੁਕਾਵਟ ਆਈ।ਟਰੈਫਿਕ ਪੁਲੀਸ ਦੇ ਇਕ ਅਧਿਕਾਰੀ ਨੇ ਕਿਹਾ, 'ਜੰਮੂ-ਸ੍ਰੀਨਗਰ ਮਾਰਗ ਅੰਸ਼ਕ ਤੌਰ 'ਤੇ ਬਹਾਲ ਕਰ ਦਿੱਤਾ ਗਿਆ ਹੈ। ਨਾਸ਼ਰੀ ਅਤੇ ਨਵਯੁਗ ਸੁਰੰਗਾਂ ਵਿਚਕਾਰ ਫਸੇ ਵਾਹਨਾਂ ਨੂੰ ਪਹਿਲਾਂ ਸਾਫ਼ ਕੀਤਾ ਜਾ ਰਿਹਾ ਹੈ। ਇੱਥੇ ਸ਼ੁੱਕਰਵਾਰ ਤੋਂ ਬਾਅਦ ਭਾਰੀ ਬਰਫ਼ਬਾਰੀ ਹੋਈ ਜਿਸ ਕਾਰਨ ਸੜਕਾਂ ਬੰਦ ਹੋਣ ਕਾਰਨ ਸੈਂਕੜੇ ਵਾਹਨ 270 ਕਿਲੋਮੀਟਰ ਲੰਬੇ ਰਾਜਮਾਰਗ 'ਤੇ ਫਸੇ ਹੋਏ ਸਨ।ਇਸ ਖੇਤਰ ਵਿਚ ਭਾਰੀ ਬਰਫਬਾਰੀ ਹੋਈ ਤੇ ਮੌਸਮ ਖਰਾਬ ਹੋਣ ਕਾਰਨ ਜੰਮੂ-ਸ੍ਰੀਨਗਰ ਕੌਮੀ ਮਾਰਗ ਅੱਜ ਤੀਜੇ ਦਿਨ ਵੀ ਸਵੇਰ ਵੇਲੇ ਬੰਦ ਰਿਹਾ। ਇਸ ਸੜਕ ਤੇ ਹੋਰ ਬੰਦ ਪਏ ਰਸਤਿਆਂ ਨੂੰ ਖੋਲ੍ਹਣ ਲਈ ਮੁਰੰਮਤ ਦਾ ਕੰਮ ਜਾਰੀ ਹੈ। ਇਥੇ ਭਾਰੀ ਬਰਫਬਾਰੀ ਕਾਰਨ ਵੱਡੀ ਗਿਣਤੀ ਲੋਕ ਰਾਹ ਵਿਚ ਫਸ ਗਏ ਹਨ ਤੇ ਸੜਕਾਂ 'ਤੇ ਤਿਲਕਣ ਵਧਣ ਕਾਰਨ ਕਈ ਗੱਡੀਆਂ ਦਾ ਨੁਕਸਾਨ ਹੋਇਆ ਹੈ। ਮੌਸਮ ਵਿਭਾਗ ਨੇ ਸੈਲਾਨੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਇਸ ਬਰਫਬਾਰੀ ਦੌਰਾਨ ਸੜਕਾਂ 'ਤੇ ਨਿਕਲਣ ਤੋਂ ਗੁਰੇਜ਼ ਕਰਨ।ਜਾਣਕਾਰੀ ਅਨੁਸਾਰ ਪਟਨੀਟੌਪ ਜਾਣ ਵਾਲੇ ਸੈਲਾਨੀਆਂ ਲਈ ਸੜਕ ਨੂੰ ਅਸਥਾਈ ਤੌਰ @ਤੇ ਖੋਲ੍ਹ ਦਿੱਤਾ ਗਿਆ ਹੈ ਪਰ ਪੁਲੀਸ ਅਧਿਕਾਰੀ ਸੈਲਾਨੀਆਂ ਨੂੰ ਪਟਨੀਟੌਪ ਜਾਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਉਨ੍ਹਾਂ ਦੀਆਂ ਹੋਟਲ ਬੁਕਿੰਗਾਂ ਦੀ ਜਾਂਚ ਕਰ ਰਹੇ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀਨਗਰ ਜਾਣ ਵਾਲੀ ਸੜਕ ਤੋਂ ਇਲਾਵਾ ਡੋਡਾ-ਕਿਸ਼ਤਵਾੜ ਸੜਕ ਵੀ ਬੰਦ ਹੈ। ਇੱਥੇ ਕਈ ਥਾਵਾਂ 'ਤੇ ਤਾਪਮਾਨ ਮਨਫੀ ਵਿਚ ਪਹੁੰਚ ਗਿਆ ਹੈ। ਕਈ ਥਾਵਾਂ 'ਤੇ ਬਿਜਲੀ ਅਤੇ ਪਾਣੀ ਦੀ ਸਪਲਾਈ ਸਮੇਤ ਸਾਰੀਆਂ ਜ਼ਰੂਰੀ ਸੇਵਾਵਾਂ ਠੱਪ ਹਨ। ਜੰਮੂ ਦੇ ਮਸ਼ਹੂਰ ਸੈਲਾਨੀ ਕੇਂਦਰਾਂ ਪਟਨੀਟੌਪ, ਨਥਾਟੌਪ, ਸਨਾਸਰ ਅਤੇ ਬਟੋਟ, ਬਨਿਹਾਲ, ਗੂਲ ਅਤੇ ਹੋਰ ਥਾਵਾਂ 'ਤੇ ਬਰਫ਼ਬਾਰੀ ਹੋਈ, ਜਿਸ ਕਰਕੇ ਇਨ੍ਹਾਂ ਖੇਤਰਾਂ ਵਿੱਚ ਜਨਜੀਵਨ ਠੱਪ ਹੋ ਗਿਆ। ਬਟੋਟ, ਬਨੀਹਾਲ, ਗੂਲ, ਉਖਰਾਲ ਅਤੇ ਰਾਜਗੜ੍ਹ ਦਾ ਰਾਮਬਨ ਜ਼ਿਲ੍ਹਾ ਹੈੱਡਕੁਆਰਟਰ ਤੋਂ ਸੰਪਰਕ ਟੁੱਟਿਆ ਰਿਹਾ।



# 'ਮਨ ਕੀ ਬਾਤ': ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟ-ਅੱਪ ਈਕੋਸਿਸਟਮ ਬਣ ਗਿਆ ਭਾਰਤ: ਪ੍ਰਧਾਨ ਮੰਤਰੀ

ਨਵੀਂ ਦਿੱਲੀ, 25 ਜਨਵਰੀ (ਪ.ਪ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ ਦੀ ਪਹਿਲੀ ਮਨ ਕੀ ਬਾਤ ਦੌਰਾਨ ਸੰਬੋਧਨ ਕਰਦਿਆਂ ਸਟਾਰਟ-ਅੱਪ ਇੰਡੀਆ ਪਹਿਲਕਦਮੀ ਦੀ 10ਵੀਂ ਵਰ੍ਹੇਗੰਢ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਭਾਰਤ ਇਸ ਵੇਲੇ ਦੁਨੀਆ ਦਾ ਤੀਜਾ ਸਭ ਤੋਂ ਵੱਡਾ ਸਟਾਰਟ-ਅੱਪ ਕੇਂਦਰ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਟਾਰਟ-ਅੱਪ ਪ੍ਰਣਾਲੀ ਸਾਲ 2016 ਵਿੱਚ ਸ਼ੁਰੂ ਹੋਈ ਸੀ ਜਿਸ ਵਿਚ 500 ਤੋਂ ਘੱਟ ਸਟਾਰਟ-ਅੱਪ ਸੀ ਪਰ ਇਹ ਅੱਜ ਵਧ ਕੇ 200,000 ਤੋਂ ਵੱਧ ਮਾਨਤਾ ਪ੍ਰਾਪਤ ਸੰਸਥਾਵਾਂ ਤੱਕ ਪਹੁੰਚ ਗਈ ਹੈ। ਸ੍ਰੀ ਮੋਦੀ ਨੇ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੇ 130ਵੇਂ ਐਪੀਸੋਡ ਦੌਰਾਨ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਇੱਕ ਸੋਸ਼ਲ ਮੀਡੀਆ ਰੁਝਾਨ ਦਾ ਹਵਾਲਾ ਦਿੱਤਾ ਜਿਸ ਵਿੱਚ ਲੋਕ 2016 ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰ ਰਹੇ ਹਨ।ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ ਵੀ ਦੇਸ਼ ਨਾਲ ਇੱਕ ਅਜਿਹੀ ਯਾਦ ਸਾਂਝੀ ਕਰਨਾ ਚਾਹੁੰਦੇ ਹਨ। ਪ੍ਰਧਾਨ ਮੰਤਰੀ ਮੋਦੀ ਨੇ ਯਾਦ ਕੀਤਾ ਕਿ ਇੱਕ ਦਹਾਕਾ ਪਹਿਲਾਂ ਨੌਜਵਾਨਾਂ ਨੇ ਦੇਸ਼ ਲਈ ਸਟਾਰਟ-ਅੱਪ ਇੰਡੀਆ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ।ਉਸ ਵੇਲੇ ਵੱਡੀ ਗਿਣਤੀ ਲੋਕਾਂ ਨੂੰ ਪਤਾ ਨਹੀਂ ਸੀ ਕਿ ਇਹ ਕੀ ਹੈ ਪਰ ਇਹ ਦੇਸ਼ ਦਾ ਅਹਿਮ ਹਿੱਸਾ ਬਣ ਗਏ ਹਨ ਤੇ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਦੀ ਕਾਬਲੀਅਤ ਜ਼ਰੀਏ ਹੀ ਦੇਸ਼ ਵਿਕਾਸ ਕਰ ਰਿਹਾ ਹੈ।ਉਨ੍ਹਾਂ ਕਿਹਾ, ÷ਇਨ੍ਹੀਂ ਦਿਨੀਂ ਮੈਂ ਸੋਸ਼ਲ ਮੀਡੀਆ @ਤੇ ਇਕ ਦਿਲਚਸਪ ਰੁਝਾਨ ਦੇਖ ਰਿਹਾ ਹਾਂ। ਲੋਕ ਸਾਲ 2016 ਦੀਆਂ ਆਪਣੀਆਂ ਯਾਦਾਂ ਨੂੰ ਤਾਜ਼ਾ ਕਰ ਰਹੇ ਹਨ। ਇਸੇ ਭਾਵਨਾ ਨਾਲ, ਅੱਜ ਮੈਂ ਵੀ ਤੁਹਾਡੇ ਨਾਲ ਆਪਣੀ ਇਕ ਯਾਦ ਸਾਂਝੀ ਕਰਨਾ ਚਾਹੁੰਦਾ ਹਾਂ। ਦਸ ਸਾਲ ਪਹਿਲਾਂ, ਜਨਵਰੀ 2016 ਵਿਚ, ਅਸੀਂ ਇਕ ਮਹੱਤਵਾਕਾਂਖੀ ਯਾਤਰਾ ਸ਼ੁਰੂ ਕੀਤੀ ਸੀ। ਉਨ੍ਹਾਂ ਕਿਹਾ, ÷ਏਆਈ, ਸਪੇਸ, ਨਿਊਕਲੀਅਰ ਐਨਰਜੀ, ਸੈਮੀਕੰਡਕਟਰ, ਮੋਬਿਲਿਟੀ, ਗ੍ਰੀਨ ਹਾਈਡ੍ਰੋਜਨ, ਬਾਇਓਟੈਕਨਾਲੋਜੀ - ਤੁਸੀਂ ਇਸ ਨੂੰ ਨਾਮ ਦਿਓ, ਅਤੇ ਤੁਹਾਨੂੰ ਉਸ ਖੇਤਰ ਵਿਚ ਕੰਮ ਕਰਨ ਵਾਲਾ ਇਕ ਭਾਰਤੀ ਸਟਾਰਟ-ਅੱਪ ਮਿਲੇਗਾ। ਮੈਂ ਆਪਣੇ ਸਾਰੇ ਨੌਜਵਾਨ ਦੋਸਤਾਂ ਨੂੰ ਸਲਾਮ ਕਰਦਾ ਹਾਂ ਜੋ ਕਿਸੇ ਸਟਾਰਟ-ਅੱਪ ਨਾਲ ਜੁੜੇ ਹੋਏ ਹਨ ਜਾਂ ਆਪਣਾ ਸਟਾਰਟ-ਅੱਪ ਸ਼ੁਰੂ ਕਰਨਾ ਚਾਹੁੰਦੇ ਹਨ...÷। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਵਾਤਾਵਰਣ



ਸੁਰੱਖਿਆ ਦੀ ਇਹੀ ਭਾਵਨਾ ਅੱਜ ਵੱਡੇ ਪੱਧਰ 'ਤੇ ਦੇਖੀ ਜਾ ਰਹੀ ਹੈ। ਇਸੇ ਸੋਚ ਨੂੰ ਧਿਆਨ ਵਿਚ ਰੱਖਦੇ ਹੋਏ, ਮਾਂ ਦੇ ਨਾਮ 'ਤੇ ਇਕ ਰੁੱਖ÷ ਮੁਹਿੰਮ ਦੇਸ਼ ਭਰ ਵਿਚ ਚਲਾਈ ਜਾ ਰਹੀ ਹੈ। ਅੱਜ ਲੱਖਾਂ ਲੋਕ ਇਸ ਮੁਹਿੰਮ ਵਿਚ ਸ਼ਾਮਲ ਹੋਏ ਹਨ, ਅਤੇ ਦੇਸ਼ ਭਰ ਵਿਚ 2 ਅਰਬ ਤੋਂ ਵੱਧ ਰੁੱਖ ਲਗਾਏ ਗਏ ਹਨ। ਇਹ ਦਰਸਾਉਂਦਾ ਹੈ ਕਿ ਲੋਕ ਹੁਣ ਵਾਤਾਵਰਣ ਸੁਰੱਖਿਆ ਪ੍ਰਤੀ ਵਧੇਰੇ ਜਾਗਰੂਕ ਹਨ ਅਤੇ ਕਿਸੇ ਨਾ ਕਿਸੇ ਤਰੀਕੇ ਨਾਲ ਯੋਗਦਾਨ ਪਾਉਣਾ ਚਾਹੁੰਦੇ ਹਨ...।

**ਸਾਨੂੰ ਸਾਡੇ ਸੰਵਿਧਾਨ ਦੇ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਦਿੰਦਾ ਹੈ ਗਣਤੰਤਰ ਦਿਵਸ:** ਮਨ ਕੀ ਬਾਤ ਦੇ 130ਵੇਂ ਐਪੀਸੋਡ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ÷ਇਹ ਸਾਲ 2026 ਦਾ ਪਹਿਲਾ @ਮਨ ਕੀ ਬਾਤ@ ਹੈ।, 26 ਜਨਵਰੀ ਨੂੰ, ਅਸੀਂ ਸਾਰੇ ਗਣਤੰਤਰ ਦਿਵਸ ਮਨਾਵਾਂਗੇ। ਸਾਡਾ ਸੰਵਿਧਾਨ ਇਸ ਦਿਨ ਲਾਗੂ ਹੋਇਆ ਸੀ। ਇਹ ਦਿਨ, 26 ਜਨਵਰੀ, ਸਾਨੂੰ ਸਾਡੇ ਸੰਵਿਧਾਨ ਦੇ ਨਿਰਮਾਤਾਵਾਂ ਨੂੰ ਸ਼ਰਧਾਂਜਲੀ ਦੇਣ ਦਾ ਮੌਕਾ ਦਿੰਦਾ ਹੈ।

**ਦੁਨੀਆ ਦੇ ਹਰ ਕੋਨੇ ਵਿਚ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਏ ਜਾਂਦੇ ਹਨ ਭਾਰਤੀ ਤਿਉਹਾਰ :** ਮਨ ਕੀ ਬਾਤ ਦੇ 130ਵੇਂ ਐਪੀਸੋਡ ਵਿਚ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ, ਲੋਕਾਂ ਨੇ ਤਮਸਾ ਨਦੀ ਨੂੰ ਨਵਾਂ ਜੀਵਨ ਦਿੱਤਾ ਹੈ। ਤਮਸਾ ਸਿਰਫ਼ ਇਕ ਨਦੀ ਨਹੀਂ ਹੈ, ਸਗੋਂ ਸਾਡੀ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦਾ ਇਕ ਜੀਵਤ ਧਾਰਾ ਹੈ। ਇਹ ਨਦੀ, ਜੋ ਅਯੁੱਧਿਆ ਤੋਂ ਨਿਕਲਦੀ ਹੈ ਅਤੇ ਗੰਗਾ ਵਿਚ ਮਿਲ ਜਾਂਦੀ ਹੈ, ਕਦੇ ਇਸ ਖੇਤਰ ਦੇ ਲੋਕਾਂ ਦੇ ਜੀਵਨ ਦਾ ਕੇਂਦਰ ਸੀ, ਪਰ ਪ੍ਰਦੂਸ਼ਣ ਨੇ ਇਸਦੇ ਨਿਰਵਿਘਨ ਵਹਾਅ ਨੂੰ ਵਿਗਾੜ ਦਿੱਤਾ ਸੀ... ਇਥੋਂ ਦੇ ਲੋਕਾਂ ਨੇ ਇਸਨੂੰ ਇਕ ਨਵਾਂ ਜੀਵਨ ਦੇਣ ਲਈ ਇਕ ਮੁਹਿੰਮ ਚਲਾਈ। ਨਦੀ ਨੂੰ ਸਾਫ਼ ਕੀਤਾ ਗਿਆ, ਅਤੇ ਇਸਦੇ ਕੰਢਿਆਂ @ਤੇ ਰੁੱਖ ਲਗਾਏ ਗਏ..। ਉਨ੍ਹਾਂ ਕਿਹਾ, ਅੱਜ ਸਾਡੀ ਸੰਸਕ੍ਰਿਤੀ ਅਤੇ ਤਿਉਹਾਰ ਦੁਨੀਆ ਭਰ ਵਿਚ ਆਪਣੀ ਛਾਪ ਛੱਡ ਰਹੇ ਹਨ। ਭਾਰਤੀ ਤਿਉਹਾਰ ਦੁਨੀਆ ਦੇ ਹਰ ਕੋਨੇ ਵਿਚ ਬਹੁਤ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਏ ਜਾਂਦੇ ਹਨ। ਸਾਡੇ ਭਾਰਤੀ ਭਰਾਵਾਂ ਅਤੇ ਭੈਣਾਂ ਦਾ ਹਰ ਤਰ੍ਹਾਂ ਦੀ ਸੱਭਿਆਚਾਰਕ ਜੀਵੰਤਤਾ ਨੂੰ ਬਣਾਈ ਰੱਖਣ ਵਿਚ ਮਹੱਤਵਪੂਰਨ ਯੋਗਦਾਨ ਹੈ।

## ਗਣਤੰਤਰ ਦਿਵਸ ਮੌਕੇ ਛੁੱਟੀ ਦਾ ਐਲਾਨ

77ਵੇਂ ਗਣਤੰਤਰ ਦਿਵਸ 'ਤੇ ਰੋਜ਼ਾਨਾ ਐਜੂਕੇਟਰ ਨਵੀਂ ਦਿੱਲੀ ਦੇ ਦਫ਼ਤਰ 'ਚ 26 ਜਨਵਰੀ ਦਿਨ ਸੋਮਵਾਰ ਨੂੰ ਛੁੱਟੀ ਰਹੇਗੀ। ਇਸ ਲਈ 27 ਜਨਵਰੀ, 2026 ਦਿਨ ਮੰਗਲਵਾਰ ਦਾ ਪਰਚਾ ਪ੍ਰਕਾਸ਼ਤ ਨਹੀਂ ਹੋਵੇਗਾ। ਪਾਠਕ ਤੇ ਏਜੰਟ ਸਾਹਿਬਾਨ ਨੋਟ ਕਰਨ।

-ਮੈਨੇਜਰ

## ਮੋਦੀ ਨੇ ਹਰਿਆਣਾ ਦੇ ਮੁੱਖ ਮੰਤਰੀ ਸੈਣੀ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ

ਨਵੀਂ ਦਿੱਲੀ, 25 ਜਨਵਰੀ (ਪ.ਪ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਜਨਤਕ ਸੇਵਾ ਦੇ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਅਗਵਾਈ ਨੂੰ ਰਾਜ ਦੇ ਲੋਕਾਂ ਲਈ ਫ਼ਾਇਦੇਮੰਦ ਦੱਸਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਜਨਸੇਵਾ 'ਚ ਸਮਰਪਿਤ ਹਰਿਆਣਾ ਦੇ ਊਰਜਾਵਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਜੀ ਨੂੰ ਜਨਮ ਦਿਨ ਦੀਆਂ ਸ਼ੁੱਭਕਾਮਨਾਵਾਂ। ਸੈਣੀ ਦੇ ਪ੍ਰਸ਼ਾਸਨਿਕ ਅਨੁਭਵ 'ਤੇ ਰੌਸ਼ਨੀ ਪਾਉਂਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਜ਼ਮੀਨੀ ਹਕੀਕਤਾਂ ਬਾਰੇ ਉਨ੍ਹਾਂ ਦੀ ਸਮਝ ਨੇ ਹਰਿਆਣਾ 'ਚ ਸ਼ਾਸਨ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ। ਉਨ੍ਹਾਂ ਕਿਹਾ, ਉਨ੍ਹਾਂ ਦਾ ਜ਼ਮੀਨੀ ਅਨੁਭਵ ਰਾਜ ਦੇ ਮੇਰੇ ਪਰਿਵਾਰ ਵਾਲਿਆਂ ਲਈ ਬਹੁਤ ਕਲਿਆਣਕਾਰੀ ਸਿੱਧ ਹੋ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਸ਼੍ਰੀ ਸੈਣੀ ਦੀ ਅਗਵਾਈ 'ਚ ਰਾਜ ਦੀ ਤਰੱਕੀ 'ਤੇ ਭਰੋਸਾ ਜ਼ਾਹਰ ਕੀਤਾ। ਉਨ੍ਹਾਂ ਕਿਹਾ, ਉਨ੍ਹਾਂ ਦੀ ਅਗਵਾਈ 'ਚ ਰਾਜ ਦੀ ਤਰੱਕੀ 'ਤੇ ਭਰੋਸਾ ਜ਼ਾਹਰ ਕੀਤਾ। ਉਨ੍ਹਾਂ ਕਿਹਾ, ਉਨ੍ਹਾਂ ਦੀ ਅਗਵਾਈ 'ਚ ਸਾਡਾ ਇਹ ਪ੍ਰਿਯ ਪ੍ਰਦੇਸ਼ ਵਿਕਾਸ ਦੀ ਰਾਹ 'ਤੇ ਲਗਾਤਾਰ ਅੱਗੇ ਹੈ।



## ਸੰਪਾਦਕੀ

# ਵਿਗੜੇ ਸਿਸਟਮ ਲਈ ਅਸੀਂ ਆਪ ਹੀ ਜਿੰਮੇਵਾਰ

ਅੱਜ ਦੇਸ਼ ਨੂੰ ਆਜ਼ਾਦ ਹੋਏ 75 ਵਰਿਆਂ ਤੋਂ ਵੱਧ ਸਮਾਂ ਹੋ ਗਿਆ ਹੈ। ਅੱਜ ਦੇਸ਼ ਦੇ ਹਾਲਾਤ ਦਿਨੋ ਦਿਨ ਹੀ ਵਿਗੜ ਰਹੇ ਹਨ। ਸਿਸਟਮ ਨਿਘਾਰ ਵੱਲ ਵੱਧ ਰਿਹਾ ਹੈ ।ਜਿਸ ਨੂੰ ਸੁਧਾਰਨ ਦੀ ਕਿਸੇ ਨੂੰ ਵੀ ਚਿੰਤਾ ਨਹੀਂ ਹੈ ।ਹਰ ਪੰਜ ਸਾਲਾਂ ਬਾਅਦ ਚੋਣਾਂ ਹੁੰਦੀਆਂ ਹਨ। ਅਸੀਂ ਨੁਮਾਇੰਦੇ ਚੁਣ ਕੇ ਵਿਧਾਨ ਸਭਾ ਜਾਂ ਲੋਕ ਸਭਾ ਵਿੱਚ ਭੇਜਦੇ ਹਨ । ਪੰਚਾਇਤੀ ਮੈਂਬਰਾਂ ,ਐਮ ਸੀ ਦੀ ਵੀ ਅਸੀਂ ਚੋਣ ਕਰਦੇ ਹਾਂ। ਜਦੋਂ ਨੁਮਾਇੰਦੇ ਸਾਡੀ ਉਮੀਦਾਂ ਤੇ ਖ਼ਰਾ ਨਹੀਂ ਉਤਰਦੇ ਤਾਂ ਅਸੀਂ ਉਹਨਾਂ ਨੂੰ ਭੰਡਣਾ ਸ਼ੁਰੂ ਕਰ ਦਿੰਦੇ ਹਨ। ਵਿਚਾਰ ਕਰਨ ਵਾਲੀ ਗੱਲ ਹੈ ਜੋ ਨੁਮਾਇੰਦੇ ਅਸੀਂ ਚੁਣਦੇ ਹਾਂ, ਅਸੀਂ ਵੋਟ ਪਾਉਣ ਲੱਗੇ ਕਿਉਂ ਨਹੀਂ ਸੋਚਦੇ। ਸਿਸਟਮ ਨੂੰ ਖ਼ਰਾਬ ਕਰਨ ਲਈ ਅਸੀਂ ਖ਼ੁਦ ਜਿੰਮੇਵਾਰ ਹਾਂ। ਜਦੋਂ ਨੇਤਾਵਾਂ ਨੂੰ ਆਪਣੀ ਕੁਰਸੀ ਮਿਲ ਜਾਂਦੀ ਹੈ , ਉਹਨਾਂ ਨੂੰ ਫ਼ਿਰ ਕਿਸੇ ਦੀ ਪ੍ਰਵਾਹ ਨਹੀਂ ਹੁੰਦੀ। ਇੰਨੇ ਸ਼ਾਤਿਰ ਦਿਮਾਗ ਨੇਤਾ ਹਨ ਕਿ ਜਦੋਂ ਵੋਟਾਂ ਦਾ ਸਮਾਂ ਆਉਂਦਾ ਹੈ ਤਾਂ ਝੂਠ ਬੋਲ ਕੇ ਲੋਕਾਂ ਨੂੰ ਭਰਮਾ ਲੈਂਦੇ ਹਨ । ਪਤਾ ਨਹੀਂ ਚੋਣਾਂ ਵੇਲੇ ਕਿੰਨੇ ਕੁ ਤਰ੍ਹਾਂ ਦੇ ਝੂਠ ਬੋਲੇ ਜਾਂਦੇ ਹਨ ? ਮੌਜੂਦਾ ਸਿਸਟਮ ਤੋਂ ਬਹੁਤ ਲੋਕ ਤੰਗ ਹਨ। ਜੇ ਤਹਿਸੀਲ ਪੱਧਰ ਦੀ ਗੱਲ ਕਰੀਏ ਤਾਂ ਉੱਥੇ ਇੰਨਾ ਭ੍ਰਿਸ਼ਟਾਚਾਰ ਹੈ ਕਿ ਕਲਰਕ ਤੋਂ ਲੈ ਕੇ ਉੱਪਰਲੇ ਅਧਿਕਾਰੀਆਂ ਤੱਕ ਕੰਮ ਕਰਾਉਣ ਲਈ ਪੈਸਾ ਚਲਦਾ ਹੈ। ਪਟਵਾਰੀਆਂ ਦੀ ਤਾਂ ਗੱਲ ਹੀ ਛੱਡ ਦਿਓ ,ਇੰਤਕਾਲ ਜਾਂ ਫ਼ਰਦ ਲੈਣ ਲਈ ਚੰਗੀ ਦਿਹਾੜੀ ਬਣਾ ਕੇ ਜਾਂਦੇ ਹਨ। ਇਹ ਗੱਲ ਸਿਰਫ਼ ਮੈਂ ਮਾਲ ਵਿਭਾਗ ਦੀ ਕੀਤੀ ਹੈ। ਹੋਰ ਵੀ ਅਦਾਰਿਆਂ ਵਿੱਚ ਚਪੜਾਸੀਆਂ ਤੱਕ ਦੀ ਮੁੱਠੀ ਗਰਮ ਕਰਨੀ ਪੈ ਰਹੀ ਹੈ। ਸਾਨੂੰ ਸਿਸਟਮ ਨੂੰ ਖ਼ਰਾਬ ਕਰਨ ਤੱਕ ਸੀਮਿਤ ਹੀ ਨਹੀਂ ਰਹਿਣਾ ਚਾਹੀਦਾ, ਸਗੋਂ ਇਸ ਨੂੰ ਸੁਧਾਰਨ ਲਈ ਵੀ ਠੋਸ ਯਤਨ ਕਰਨੇ ਵੀ ਚਾਹੀਦੇ ਹਨ। ਵਾਰ ਵਾਰ ਅਸੀਂ ਨੇਤਾਵਾਂ ਨੂੰ ਚੁਣ ਕੇ ਭੇਜਦੇ ਹਾਂ ,ਫਿਰ ਗਲਤ ਸ਼ਬਦਾਂਵਲੀ ਦੀ ਵਰਤੋਂ ਅਸੀਂ ਕਿਉਂ ਕਰਦੇ ਹਨ ? ਲੋਕਤੰਤਰ ਪ੍ਰਣਾਲੀ ਵਿੱਚ ਲੋਕਾਂ ਹੱਥ ਬਹੁਤ ਤਾਕਤ ਹੁੰਦੀ ਹੈ। ਹੁਣ ਗਲਤ ਆਗੂਆਂ ਨੂੰ ਚੁਣ ਕੇ ਜੇ ਅਸੀਂ ਭੇਜ ਰਹੇ ਹਨ ਤਾਂ ਕਸੂਰ ਸਾਡਾ ਹੀ ਹੈ। ਹਾਲ ਹੀ ਵਿੱਚ ਨਸ਼ਰ ਹੋਈ ਰਿਪੋਰਟ ਮੁਤਾਬਕ ਕਈ ਸੰਗੀਨ ਅਪਰਾਧਾਂ , ਭ੍ਰਿਸ਼ਟ ਰਸੂਖ਼ ਵਾਲੇ ਆਗੂ ਸੰਸਦ ਵਿੱਚ ਬੈਠੇ ਹਨ। ਅਜਿਹੇ ਭ੍ਰਿਸ਼ਟ ਨੇਤਾ ਜਿਨਾਂ ਨੂੰ ਅਸੀਂ ਚੁੱਣਦੇ ਹਨ ,ਕਰੋੜਾਂ ਦੀਆਂ ਜਾਇਦਾਦਾਂ ਇਕੱਠੀ ਕਰਨ ਤੇ ਲੱਗੇ ਹੋਏ ਹਨ। ਆਉਣ ਵਾਲੀ ਆਪਣੀ ਪੀੜੀਆਂ ਲਈ ਮਹਿਲ ਬਣਾ ਰਹੇ ਹਨ। ਬਾਅਦ ਵਿੱਚ ਚੰਗੀ ਪੈਨਸ਼ਨਾਂ ਲੈਂਦੇ ਹਨ।ਅਸੀਂ ਚੰਗੇ ਆਗੂਆਂ ਦੀ ਚੋਣ ਕਿਉਂ ਨਹੀਂ ਕਰਦੇ ? ਕਿਉਂ ਥੋੜੇ ਬਹੁਤ ਪੈਸੇ ਜਾਂ ਕਿਸੇ ਹੋਰ ਤਰ੍ਹਾਂ ਦੇ ਲਾਲਚ ਵਿੱਚ ਆ ਕੇ ਆਪਣੀ ਵੋਟ ਵੇਚ ਦਿੰਦੇ ਹਾਂ ? ਜੇ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਹਾਲਾਤਾਂ ਨੂੰ ਕਿਸ ਤਰ੍ਹਾਂ ਸੁਧਾਰਿਆ ਜਾ ਸਕਦਾ ਹੈ। ਅਸੀਂ ਲੋਕ ਖ਼ੁਦ ਹੀ ਇਮਾਨਦਾਰ, ਸੂਝਵਾਨ ਨਹੀਂ ਰਹੇ ਹਨ। ਸਾਡੀ ਸਾਰਿਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਚੰਗੇ ਰਸੂਖ਼ ਵਾਲੇ ਇਮਾਨਦਾਰ ਲੋਕਾਂ ਨੂੰ ਅੱਗੇ ਲੈ ਕੇ ਆਉਣਾ ਚਾਹੀਦਾ ਹੈ। ਸੁਣਨ ਵਿੱਚ ਵੀ ਆਉਂਦਾ ਹੈ ਕਿ ਟਿਕਟ ਲੈਣ ਲਈ ਕਈ ਉਮੀਦਵਾਰ ਕਰੋੜਾਂ ਰੁਪਏ ਦਿੰਦੇ ਹਨ। ਚੋਣ ਲੜਨੀ ਹੁਣ ਅਮੀਰਾਂ ਦੀ ਗੱਲ ਰਹਿ ਗਈ ਹੈ। ਦੇਖਦੇ ਹੀ ਹਾਂ ਕਿ ਮੰਤਰੀਆਂ, ਵਜ਼ੀਰਾਂ ਦੇ ਘਰ ਮੂਹਰੇ ਧਰਨੇ ਪ੍ਰਦਰਸ਼ਨ ਹੁੰਦੇ ਹਨ। ਮੌਜੂਦਾ ਵਿਗੜੇ ਹੋਏ ਸਿਸਟਮ ਨੂੰ ਠੀਕ ਕਰਨ ਲਈ ਸਾਨੂੰ ਸਾਰਿਆਂ ਨੂੰ ਪਹਿਲ ਕਰਨੀ ਪਵੇਗੀ। ਕਿਸੇ ਨੇ ਬਾਹਰੋਂ ਆ ਕੇ ਇਸ ਨੂੰ ਠੀਕ ਨਹੀਂ ਕਰਨਾ ਹੈ।

# ਭਾਈ ਘਨੱਈਆ ਜੀ ਦੀ ਸੇਵਾ ਨੂੰ ਕੌਮਾਂਤਰੀ ਪੱਧਰ ਤੇ ਪਹੁੰਚਾਉਣ ਵਾਲੇ: ਪ੍ਰੋ. ਬਹਾਦਰ ਸਿੰਘ ਸੁਨੇਤ

ਸੇਵਾ ਮਨੁੱਖਤਾ ਦਾ ਸਭ ਤੋਂ ਅਹਿਮ ਗੁਣ ਹੁੰਦਾ ਹੈ । ਸੇਵਾ ਅਤੇ ਸਿਮਰਨ ਦੇ ਸੁਮੇਲ ਵਾਲਾ ਵਿਅਕਤੀ ਬ੍ਰਹਮ-ਗਿਆਨੀ ਹੁੰਦਾ ਹੈ। ਉਹ ਦੁਨਿਆਵੀ ਵੰਡੀਆਂ ਤੋਂ ਉੱਪਰ ਹੁੰਦਾ ਹੈ । ਉਹ ਪਰਮਾਤਮਾ ਨੂੰ ਪਿਆਰ ਕਰਨ ਵਾਲਾ ਇਨਸਾਨ ਹਰ ਪ੍ਰਾਣੀ ਨੂੰ ਪਰਮਾਤਮਾ ਦਾ ਸਰੂਪ ਹੀ ਸਮਝਦਾ ਹੈ । ਇਹਨਾਂ ਉੱਤਮ ਗੁਣਾਂ ਦੀ ਬਖ਼ਸ਼ਿਸ਼ ਭਾਈ ਘਨੱਈਆ ਜੀ ਨੂੰ ਸੀ । ਭਾਈ ਘਨੱਈਆ ਜੀ ਦਾ ਜਨਮ ਸੰਨ 1648 ਈ: ਨੂੰ ਪਿਤਾ ਭਾਈ ਨੱਥੂ ਰਾਮ ਦੇ ਘਰ ਮਾਤਾ ਸੁੰਦਰੀ ਜੀ ਦੀ ਕੁੱਖ ਤੋਂ ਪਿੰਡ ਸੋਦਰਾ ਨੇੜੇ ਵਜ਼ੀਰਾਬਾਦ (ਪਾਕਿਸਤਾਨ) ਵਿਖੇ ਹੋਇਆ । ਭਾਈ ਘਨੱਈਆ ਜੀ ਦੀ ਰੁਚੀ ਬਚਪਨ ਤੋਂ ਹੀ ਸੇਵਾ ਵੱਲ ਸੀ । ਜਿੱਥੇ ਕਿਤੇ ਸਤਿਸੰਗ ਹੋਵੇ, ਕਥਾ ਕੀਰਤਨ ਹੋਵੇ,ਸਭ ਤੋਂ ਪਹਿਲਾਂ ਪਹੁੰਚ ਜਾਂਦੇ, ਤੇ ਲੰਗਰ ਪਾਣੀ ਦੀ ਸੇਵਾ ਆਪਣੇ ਹੱਥੀਂ ਕਰਦੇ ।

ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਪਿਆਰੇ ਸੇਵਕ ਭਾਈ ਘਨੱਈਆ ਜੀ ਵੱਲੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅਸ਼ੀਰਵਾਦ ਪ੍ਰਾਪਤ ਕਰਕੇ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸੰਨ 1704 ਈ: @ਚ ਮੈਦਾਨੇ ਜੰਗ ਵਿੱਚ ਘਮਾਸਾਣ ਦੀ ਜੰਗ ਵਿੱਚ ਜ਼ਖ਼ਮਾਂ ਦੀ ਤਾਬ ਨਾਲ ਤੜਪ ਰਹੇ ਜੰਗੀਆਂ (ਜ਼ਖ਼ਮੀਆਂ) ਦੀ ਬਿਨਾਂ ਕਿਸੇ ਭਿੰਨ-ਭੇਦ-ਭਾਵ ਕੀਤੀ ਸੇਵਾ ਦੇ ਪ੍ਰਸੰਗ ਵਿੱਚ ਅੰਤਰਰਾਸ਼ਟਰੀ ਰੈਡਕਰਾਸ ਵੱਲੋਂ ਆਰੰਭੀ ਸੇਵਾ ਅਤੇ ਅੰਤਰਰਾਸ਼ਟਰੀ ਰਾਸ਼ਟਰੀ ਮਾਨਵਤਾ ਕਾਨੂੰਨ ਦੀ ਸਥਾਪਨਾ, ਵਿਸ਼ਵ ਭਰ ਦੇ ਇਤਿਹਾਸ ਵਿੱਚ ਨਿਵੇਕਲਾ ਪਹਿਲੂ ਹੈ ਜੋ ਕਿ ਵਿਸ਼ਵ ਭਾਈਚਾਰੇ ਦੀ ਸਾਂਝ ਅਤੇ ਵਿਸ਼ਵ ਸ਼ਾਂਤੀ ਲਈ ਬਹੁਮੁੱਲਾ ਸੰਕੇਤ ਹੈ । ਇਸ ਸਭ ਕੁਝ ਦਾ ਆਧਾਰ ਭਾਈ ਘਨੱਈਆ ਜੀ ਵੱਲੋਂ ਇਨਸਾਨੀਅਤ ਵਾਸਤੇ ਨਿਭਾਈ ਉਹ ਸੇਵਾ ਹੈ ਜੋ ਦੁਨੀਆਂ ਭਰ ਵਿੱਚ ਅਦੁੱਤੀ ਮਿਸਾਲ ਹੈ।

ਅੰਤਰਰਾਸ਼ਟਰੀ ਰੈੱਡਕਰਾਸ ਸੇਵਾ ਦਾ ਜਨਮ ਵੀ ਮੈਦਾਨੇ ਜੰਗ @ਚ ਜ਼ਖ਼ਮੀਆਂ ਦੀ ਸੇਵਾ ਕਰਨ ਕਰਕੇ ਹੀ ਹੋਇਆ ਸੀ । ਸਵਿਟਜ਼ਰਲੈਂਡ ਨਿਵਾਸੀ ਹੈਨਰੀ ਡਿਊਨਾਂ ਵੱਲੋਂ 1859 @ਚ ਇਟਲੀ ਦੇ ਸਾਲਫਰੀਨੋ ਦੀ ਹੋਈ ਭਿਆਨਕ ਲੜਾਈ ਵਿੱਚ ਜ਼ਖ਼ਮੀ ਹੋਏ ਸੈਨਿਕਾਂ ਦੀ ਸੇਵਾ ਕੀਤੀ ਗਈ ਅਤੇ ਇਸ ਲੜਾਈ @ਚ ਜ਼ਖ਼ਮੀਆਂ ਦੀ ਤਰਸਯੋਗ ਹਾਲਤ ਸੰਬੰਧੀ ਤੇ ਜ਼ਖ਼ਮੀਆਂ ਦੀ ਸੇਵਾ ਸੰਭਾਲ ਸੰਬੰਧੀ ਇੱਕ ਕਿਤਾਬ ਲਿਖੀ, ਜਿਸਦਾ ਨਾਮ ਸੀ ÷ਸਾਲਫਰੀਨੋ ਦੀ ਯਾਦ÷ । ਜਿਸ ਵਿੱਚ ਉਹਨਾਂ ਸੁਝਾਅ ਦਿੱਤਾ ਕਿ ਮੈਦਾਨੇ ਜੰਗ ਵਿੱਚ ਜ਼ਖ਼ਮੀ ਹੋਏ ਯੋਧਿਆਂ ਦੀ ਬਿਨਾਂ ਕਿਸੇ ਭੇਦ-ਭਾਵ ਦੇ ਸੇਵਾ ਕੀਤੀ ਜਾਵੇ । ਹੈਨਰੀ ਡਿਊਨਾਂ ਵੱਲੋਂ ਇਨਸਾਨੀਅਤ ਦੇ ਭਲੇ ਲਈ ਦਿੱਤੇ ਸੁਝਾਵਾਂ ਦੀ ਲੋਕਾਂ ਨੇ ਸਰਾਹਨਾ ਕੀਤੀ ਅਤੇ ਇਸ ਨੂੰ ਵਿਸ਼ਵ ਭਰ ਵਿੱਚ ਪਹੁੰਚਾਉਣ ਦੇ ਉਪਰਾਲੇ ਕੀਤੇ । ਅੰਤਰਰਾਸ਼ਟਰੀ ਮਾਨਵਤਾ ਕਾਨੂੰਨ @ਚ ਵੀ ਮੈਦਾਨੇ ਜੰਗ ਵਿੱਚ ਜ਼ਖ਼ਮੀਆਂ ਦੀ ਬਿਨਾਂ ਕਿਸੇ ਭੇਦ-ਭਾਵ ਸੇਵਾ ਸੰਬੰਧੀ ਹਦਾਇਤਾਂ ਦਰਜ ਹਨ ਅਤੇ ਇਸ ਕਾਨੂੰਨ ਦਾ ਮੂਲ ਆਧਾਰ ਹਨ । ਪਰ ਭਾਈ ਘਨੱਈਆ ਜੀ ਵੱਲੋਂ ਸਾਲਫਰੀਨੋ ਦੀ ਜੰਗ ਤੋਂ 155 ਸਾਲ ਪਹਿਲਾਂ ਸੰਨ 1704 ਈਸਵੀ @ਚ ਭਿਆਨਕ ਜੰਗ ਦੌਰਾਨ ਬਿਨਾਂ ਵਿਤਕਰੇ ਪਿਆਸਿਆਂ ਨੂੰ ਪਾਣੀ ਪਿਆਉਣ ਅਤੇ ਜ਼ਖ਼ਮੀਆਂ ਨੂੰ ਮਲ੍ਹਮ-ਪੱਟੀ ਕਰਨ ਦੀ ਨਿਭਾਈ ਮਹਾਨ ਸੇਵਾ ਕੇਵਲ ਇਤਿਹਾਸ ਦੇ ਪੰਨਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਸੀ। ਭਾਈ ਘਨੱਈਆ ਜੀ ਨੇ ਭਾਰਤ ਦੀ ਧਰਤੀ ਉੱਪਰ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਗੁਰਬਾਣੀ ਦੇ ਮਹਾਂਵਾਕ ÷ ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥÷ ਅਤੇ ÷ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥÷ ਦੇ ਮਨੁੱਖਵਾਦ ਦੇ ਆਦਰਸ਼ ਅਨੁਸਾਰ ਕੀਤੀ ਸੇਵਾ ਅਮਲੀ ਰੂਪ ਵਿੱਚ ਪ੍ਰਗਟ ਹੋਈ । ਭਾਈ ਘਨੱਈਆ ਜੀ ਨੇ ਸੇਵਾ ਦੀ ਸਹੀ ਪਰਿਭਾਸ਼ਾ ਨੂੰ ਸਾਡੇ ਸਾਹਮਣੇ ਰੱਖਿਆ ।

ਸਵਿਟਜ਼ਰਲੈਂਡ ਦੀ ਸਰਕਾਰ ਨੇ ਸਰ ਹੈਨਰੀ ਡਿਊਨਾਂ ਵੱਲੋਂ ਮੈਦਾਨੇ ਜੰਗ ਵਿੱਚ ਕੀਤੀ ਸੇਵਾ ਅਤੇ ਉਸ ਵੱਲੋਂ ਦਿੱਤੇ ਸੁਝਾਵਾਂ ਨੂੰ ਵਿਸ਼ਵ ਭਰ ਦੇ 186 ਦੇਸ਼ਾਂ ਵਿੱਚ ਸੇਵਾ ਕੀਤੀ ਜਾ ਰਹੀ ਹੈ ਅਤੇ ਲੱਖਾਂ ਲੋਕ ਹੀ ਇਸ ਸੇਵਾ ਨਾਲ ਜੁੜੇ ਹੋਏ ਹਨ। ਸਾਡੇ ਦੇਸ਼ ਵਿੱਚ ਇਸ ਸੰਸਥਾ ਨੇ 1920 ਈ: ਵਿੱਚ ਸੇਵਾ ਕਰਨੀ ਆਰੰਭ ਕੀਤੀ , ਪ੍ਰੰਤੂ ਭਾਈ ਘਨੱਈਆ ਜੀ ਵੱਲੋਂ ਕੀਤੀ ਹੋਈ ਮਹਾਨ ਸੇਵਾ ਸਾਡੀ ਅਣਗਹਿਲੀ ਕਾਰਨ ਇਤਿਹਾਸ ਦੇ ਪੰਨਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ । ਅਜੋਕੇ ਸਮੇਂ ਵਿੱਚ ਦੁਨੀਆਂ ਭਰ ਵਿੱਚ ਜੋ ਇਤਿਹਾਸ ਮੈਦਾਨੇ ਜੰਗ ਵਿੱਚ ਜ਼ਖ਼ਮੀਆਂ ਦੀ ਬਿਨਾਂ ਕਿਸੇ ਭੇਦ-ਭਾਵ ਨਾਲ ਸੇਵਾ ਕਰਨ ਨਾਲ ਸੰਬੰਧਿਤ ਹੈ। ਉਸ ਵਿੱਚ ਰੈੱਡ ਕਰਾਸ ਦੇ ਪਿਤਾਮਾ ਸਰ ਹੈਨਰੀ ਡਿਊਨਾਂ ਅਤੇ ਦੂਸਰਾ ਨਾਮ ਅਮਰੀਕਾ ਨਿਵਾਸੀ ਮਿ: ਫਰਾਨਸਿਕ ਲਾਈਬਰ ਦਾ ਜ਼ਿਕਰ ਆਉਂਦਾ ਹੈ ਫਲੋਰੈਂਸ ਨਾਈਟਿੰਗੇਲ ਵੱਲੋਂ ਕੀਤੀ ਸੇਵਾ ਦਾ ਵੀ ਜ਼ਿਕਰ ਆਉਂਦਾ ਹੈ ਪ੍ਰੰਤੂ ਭਾਈ ਘਨੱਈਆ ਜੀ ਦੀ ਸੇਵਾ ਦਾ ਜ਼ਿਕਰ ਕਿਤੇ ਵੀ ਨਹੀਂ ਆਉਂਦਾ। ਭਾਈ ਘਨੱਈਆ ਜੀ ਦੀ ਜਨਮ ਤਾਰੀਖ ਦਾ ਪਤਾ ਨਾ ਹੋਣ ਕਰਕੇ ਰੈੱਡ ਕਰਾਸ ਦੇ ਸੰਕਲਪ ਨੂੰ ਜਨੇਵਾ ਸ਼ਹਿਰ ਦੇ ਸਰ ਹੈਨਰੀ ਡਿਊਨਾਂ ਦੇ ਜਨਮ-ਦਿਨ 8 ਮਈ ਨਾਲ ਜੋੜਿਆ ਗਿਆ ਹੈ ।

ਸ੍ਰ: ਬਹਾਦਰ ਸਿੰਘ ਸੁਨੇਤ ਸੇਵਾ ਮੁਕਤ ਪ੍ਰੋਫ਼ੈਸਰ ਫਾਰਮੇਸੀ ਤਕਨੀਕੀ ਸਿੱਖਿਆ ਵਿਭਾਗ ਪੰਜਾਬ ਨੇ ਨੌਕਰੀ ਕਰਦਿਆਂ ਇਸ ਖ਼ਲਾਅ ਨੂੰ ਭਰਨ ਲਈ ਸੰਨ 1987 ਵਿੱਚ ÷ਭਾਈ ਘਨੱਈਆ ਜੀ ਮਿਸ਼ਨ÷ ਦੇ ਨਾਮ ਹੇਠ ਸੰਸਥਾ ਦੀ ਸਥਾਪਨਾ ਕੀਤੀ ਜਿਸਦਾ ਮੰਤਵ ਤੇ ਮਨੋਰਥ ਭਾਈ ਘਨੱਈਆ ਜੀ ਦੀ ਸੇਵਾ ਨੂੰ ਕੌਮਾਂਤਰੀ ਪੱਧਰ ਤੇ ਸਾਂਝਾ ਕਰਨਾ ਸੀ । ਮਿਸ਼ਨ ਵੱਲੋਂ ਸਮਾਜ ਸੇਵੀ ਕਾਰਜਾਂ ਦੇ ਨਾਲ ਹੀ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ, ਅੰਤਰਰਾਸ਼ਟਰੀ ਰੈੱਡਕਰਾਸ ਅਤੇ ਅੰਤਰਰਾਸ਼ਟਰੀ ਮਾਨਵਤਾ ਕਾਨੂੰਨ ਇਤਿਆਦਿ ਦੀ ਪਿੱਠ ਭੂਮੀ ਸੰਬੰਧੀ ਖੋਜ ਕਾਰਜ ਵੀ ਆਰੰਭੇ ਗਏ ।

ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਤੋਂ ਸੰਸਾਰ ਨੂੰ ਜਾਣੂ ਕਰਵਾਉਣ ਲਈ ਸਮੇਂ-ਸਮੇਂ @ਤੇ ਅੰਤਰਰਾਸ਼ਟਰੀ ਰੈੱਡਕਰਾਸ ਅਤੇ ਰੈਡ ਕਰੀਜੈਂਟ ਜਨੇਵਾ, ਭਾਰਤੀ ਰੈੱਡਕਰਾਸ ਕਮੇਟੀ, ਭਾਰਤ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ, ਪੰਜਾਬ ਦੇ ਮੁੱਖ ਮੰਤਰੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰ ਕੌਮੀ ਕੌਮਾਂਤਰੀ ਸ਼ਖ਼ਸ਼ੀਅਤਾਂ ਤੇ ਸੰਸਥਾਵਾਂ ਨੂੰ ਵੀ ਲਿਖਿਆ ਗਿਆ ਤੇ ਸਹਿਯੋਗ ਦੀ ਮੰਗ ਕੀਤੀ ਗਈ। ਪੰਜਾਬ ਸਰਕਾਰ ਦੇ ਪੱਤਰ ਨੰਬਰ ਮਿਤੀ, ਚੰਡੀਗੜ੍ਹ 25-2-2022 ਅਨੁਸਾਰ ÷ਭਾਈ ਘਨੱਈਆ ਜੀ ਦੀ ਬਰਸੀ ਨੂੰ ÷ਮਾਨਵ ਸੇਵਾ ਸੰਕਲਪ ਦਿਵਸ÷ ਦੇ ਤੌਰ ਤੇ ਸਲਾਨਾ 20 ਸਤੰਬਰ ਨੂੰ ਮਨਾਉਣ ਬਾਰੇ ਜਾਰੀ ਕੀਤਾ ਗਿਆ । ਇਹ ਵੀ ਅਪੀਲ ਕੀਤੀ ਗਈ ਕਿ ਵਿਸ਼ਵ ਸ਼ਾਂਤੀ, ਸੁੱਖ ਅਤੇ ਭਾਈਚਾਰਕ ਸਾਂਝ ਸੰਬੰਧੀ ਖੋਜ ਕਰ ਰਹੇ ਵਿਦਿਆਰਥੀਆਂ, ਸਿਖਿਆਰਥੀਆਂ ਨੂੰ ਰੈੱਡਕਰਾਸ ਦੀ ਸਥਾਪਨਾ ਦੇ ਪਿਛੋਕੜ ਦੇ ਨਾਲ-ਨਾਲ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਬਾਰੇ ਜਾਣਕਾਰੀ ਹੋਣਾ ਵੀ ਬਹੁਤ ਜ਼ਰੂਰੀ ਹੈ ।

ਮਿਸ਼ਨ ਨੇ ਅਨੇਕਾਂ ਹੀ ਖ਼ੂਨਦਾਨ ਕੈਂਪ, ਨੇਤਰਦਾਨ ਕੈਂਪ, ਡਾਕਟਰੀ ਸਹਾਇਤਾ ਕੰਮ ਲਗਾਏ ਤਾਂ ਉਹਨਾਂ ਵਿੱਚੋਂ ਖ਼ੂਨਦਾਨ ਬੈਂਕ ਅਤੇ ਨੇਤਰਦਾਨ ਬੈਂਕ ਨਵੀਆਂ ਸੰਸਥਾਵਾਂ ਹੇਠ ਸਥਾਪਿਤ ਹੋਏ। ਸੇਵਾ ਦੇ ਸੰਕਲਪ ਸੰਬੰਧੀ ਸੈਮੀਨਾਰ ਦਾ ਆਯੋਜਨ ਕੀਤਾ । ਕਈ ਸਾਲਾਂ ਦੀ ਪੱਤਰ-ਵਿਹਾਰ ਦੀ ਲੰਮੀ ਘਾਲਣਾ ਬਾਅਦ ਨਤੀਜਿਆਂ ਦਾ ਆਰੰਭ ਹੋਇਆ ਜਿਵੇਂ ਕਿ :-

* ਪੰਜਾਬ ਸਰਕਾਰ ਵੱਲੋਂ 20 ਸਤੰਬਰ ਨੂੰ ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ ਸਰਕਾਰੀ ਪੱਧਰ ਤੇ ਮਨਾਇਆ ਜਾਣ ਲੱਗਾ ।
* ਸਰਕਾਰੀ ਹਸਪਤਾਲਾਂ ਦੇ ਐਮਰਜੈਂਸੀ ਵਾਰਡਾਂ ਦੇ ਨਾਮ ਭਾਈ ਘਨੱਈਆ ਜੀ ਦੇ ਨਾਮ ਤੇ ਰੱਖਣ ਸੰਬੰਧੀ ਵੀ ਕਾਰਜ ਹੋਇਆ ।

? ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸਿਹਤ ਕੇਂਦਰ ਦਾ ਨਾਮ ਵੀ ਭਾਈ ਭਾਈ ਘਨੱਈਆ ਜੀ ਸਿਹਤ ਕੇਂਦਰ ਰੱਖਿਆ ਗਿਆ ਤਾਂ ਕਿ ਨੌਜਵਾਨ ਪੀੜ੍ਹੀ ਸੇਵਾ ਦੀ ਪ੍ਰੇਰਣਾ ਲੈ ਸਕੇ। ਨੌਜਵਾਨ ਵਰਗ ਨੂੰ ਭਾਈ ਘਨੱਈਆ ਜੀ ਸੇਵਾਵਾਂ ਸੰਬੰਧੀ ਜਾਣਕਾਰੀ ਦੇਣ ਲਈ ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਸਰਕਾਰੀ ਹੋਰ ਅਦਾਰਿਆਂ ਵਿੱਚ ਭਾਈ ਕਨੱਈਆ ਜੀ ਦਾ ਬਰਸੀ ਦਿਹਾੜਾ (ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ) ਮਨਾਇਆ ਜਾਵੇ।

* ਹਸਪਤਾਲਾਂ ਦੇ ਐਮਰਜੈਂਸੀ ਵਾਰਡਾਂ ਅਤੇ ਜੰਗੀ ਯੋਧਿਆਂ ਦੀਆਂ ਕੁਰਬਾਨੀਆਂ ਸੰਬੰਧੀ ਸਥਾਪਿਤ ਕੀਤੇ ਅਜਾਇਬ ਘਰਾਂ ਅਤੇ ਯਾਦਗਾਰਾਂ, ਰੈੱਡਕਰਾਸ ਭਵਨਾਂ ਵਿੱਚ ਭਾਈ ਘਨੱਈਆ ਜੀ ਦੀਆਂ ਤਸਵੀਰਾਂ ਲਗਾਈਆਂ ਜਾਣ।

* ਭਾਈ ਘਨੱਈਆ ਜੀ ਜਿਸ ਅਸਥਾਨ ਤੋਂ ਆਪਣੀ ਮਸ਼ਕ ਨਾਲ ਪਾਣੀ ਭਰ ਕੇ ਲਿਆਉਂਦੇ ਸਨ ਉਹ ਅਸਥਾਨ ਗੁਰਦੁਆਰਾ ਬਾਉਲੀਆਂ ਭਾਈ ਘਨੱਈਆ ਜੀ ਨੂੰ ਵੀ ਵਿਕਸਤ ਕਰਨ ਲਈ ਉਪਰਾਲੇ ਕੀਤੇ ਜਾਣ ।

ਪ੍ਰੋਫ਼ੈਸਰ ਬਹਾਦਰ ਸਿੰਘ ਦੀ ਕਈ ਸਾਲਾਂ ਦੀ ਕਠਿਨ ਘਾਲਣਾ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਹਰ ਸਾਲ ਪ੍ਰਕਾਸ਼ਿਤ ਕੀਤੀ ਜਾਂਦੀ ਨਾਨਕਸ਼ਾਹੀ ਡਾਇਰੀ ਅਤੇ ਨਾਨਕਸ਼ਾਹੀ ਜੰਤਰੀ ਵਿੱਚ ਵੀ ÷ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ÷ ਨੂੰ ਸ਼ਾਮਲ ਕੀਤਾ ਗਿਆ ਹੈ । ਇਸ ਸਾਲ 2025 ਵਿੱਚ 20 ਸਤੰਬਰ,15 ਅੱਸੂ, ਅੱਸੂ ਸੁਦੀ 8 ਨੂੰ ਸੇਵਾਪੰਥੀ ਸੰਪਰਦਾਇ ਦੇ ਬਾਨੀ ਭਾਈ ਘਨੱਈਆ ਜੀ ਦੀ ਬਰਸੀ ÷ਮਾਨਵ ਸੇਵਾ ਸੰਕਲਪ ਦਿਵਸ÷ ਦੇ ਤੌਰ ਤੇ ਸੇਵਾਪੰਥੀ ਮਹਾਂਪੁਰਸ਼ਾਂ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੜੇ ਪ੍ਰੇਮ, ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ ।

? ਲੰਮੇ ਸਮੇਂ ਤੋਂ ਅੰਤਰਰਾਸ਼ਟਰੀ ਰੈੱਡਕਰਾਸ ਕਮੇਟੀ ਅਤੇ ਭਾਰਤੀ ਰੈੱਡਕਰਾਸ ਸੁਸਾਇਟੀ ਨਾਲ ਹੋਏ ਸੰਪਰਕ ਦੀ ਬਦੌਲਤ ਬਹੁਤ ਹੀ ਸ਼ਲਾਘਾਯੋਗ ਨਤੀਜੇ ਸਾਹਮਣੇ ਆਏ ਜਿਸ ਦਾ ਸਬੂਤ ਹੈ ਕਿ ਹੁਣ ਅੰਤਰਰਾਸ਼ਟਰੀ ਰੈੱਡਕਰਾਸ ਅਤੇ ਭਾਰਤੀ ਰੈੱਡਕਰਾਸ ਸੁਸਾਇਟੀ ਵੱਲੋਂ ਮਹਾਨ ਸੇਵਾਵਾਂ ਪ੍ਰਤੀ ਸਤਿਕਾਰ ਭੇਟ ਕਰਦੇ ਹੋਏ ਤੇ ਮਾਨਤਾ ਦਿੰਦੇ ਹੋਏ, ਭਾਈ ਘਨੱਈਆ ਜੀ ਸੰਬੰਧੀ ਵਡਮੁੱਲੀ ਜਾਣਕਾਰੀ ਆਪਣੀਆਂ ਪ੍ਰਮਾਣਿਤ ਵੈਬਸਾਈਟਾਂ @ਤੇ ਦਰਜ ਕਰ ਦਿੱਤੀ ਹੈ ।

ਜਦੋਂ ਹਰ ਸਮੇਂ ਸੰਸਾਰ @ਚ ਕਿਤੇ ਨਾ ਕਿਤੇ ਜੰਗ ਦੀਆਂ ਸੰਭਾਵਨਾ ਬਣੀਆਂ ਰਹਿੰਦੀਆਂ ਹਨ। ਉਸ ਸਮੇਂ ਇਹ ਪ੍ਰਗਤੀ ਸਾਡੇ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ ਜਿਸ ਨੇ ਕੌਮਾਂਤਰੀ ਭਾਈਚਾਰੇ ਵਿੱਚ ਵੀ ਮਾਣ ਸਤਿਕਾਰ ਵਧਾਇਆ ਹੈ । ਸਮੇਂ ਦੀ ਮੰਗ ਹੈ ਕਿ ਸਰਬੱਤ ਦੇ ਭਲੇ ਹਿੱਤ ਪੈੜਾਂ ਛੱਡ ਕੇ ਜਾ ਚੁੱਕੀਆਂ ਸ਼ਖ਼ਸ਼ੀਅਤਾਂ ਨੂੰ ਸ਼ਰਧਾਂਜਲੀ ਵਜੋਂ ਹਰ ਦੇਸ਼ ਵਿੱਚ ਸ਼ਾਂਤੀ ਮਿਊਜ਼ੀਅਮ ਵੀ ਸਥਾਪਿਤ ਕੀਤੇ ਜਾਣ ਤਾਂ ਕਿ ਮਨੁੱਖੀ ਕਦਰਾਂ ਕੀਮਤਾਂ ਦੀ ਰਾਖੀ ਕਰਨ ਵਾਲੇ ਕਾਰਜਾਂ ਨੂੰ ਮਜ਼ਬੂਤੀ ਪ੍ਰਦਾਨ ਕੀਤੀ ਜਾ ਸਕੇ । ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਅਜਿਹੇ ਇਤਿਹਾਸਕ ਕਾਰਜਾਂ ਸੰਬੰਧੀ ਖੋਜ ਤੇ ਵਿਕਾਸ, ਪ੍ਰਚਾਰ ਅਤੇ ਪ੍ਰਸਾਰ ਹਿਤ ਕਾਰਜਸ਼ੀਲ ਸ਼ਖ਼ਸੀਅਤਾਂ ਨੂੰ ਉਚੇਚਾ ਸਨਮਾਨਿਆ ਜਾਵੇ ਤਾਂ ਕਿ ਹੋਰਾਂ ਅੰਦਰ ਵੀ ਹੋਰ ਖੋਜਾਂ ਤੇ ਸੇਵਾ ਕਾਰਜ ਕਰਨ ਦਾ ਉਤਸ਼ਾਹ ਭਰਿਆ ਜਾ ਸਕੇ । ਪ੍ਰੋਫ਼ੈਸਰ ਬਹਾਦਰ ਸਿੰਘ ਜੀ ਨੇ ਕੁਝ ਸਮਾਂ ਪਹਿਲਾਂ ਇੱਕ ਸਮਾਗਮ ਦੌਰਾਨ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਇੱਕ ਬੇਨਤੀ ਪੱਤਰ ਦਿੱਤਾ ਜਿਸ ਵਿੱਚ ਮੰਗ ਕੀਤੀ ਗਈ ਕਿ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਵਿੱਚ ਮਾਨਵਤਾ ਦੀ ਸੇਵਾ ਦਾ ਸੰਕਲਪ ਅਤੇ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਹੁੰਚਾਉਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣ ਅਤੇ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਦੀਆਂ ਮਹਾਨ ਸੇਵਾਵਾਂ ਸੰਬੰਧੀ ਜਾਣਕਾਰੀ ਦੇਣ ਲਈ ਵੀ ਪੰਜਾਬ ਸਰਕਾਰ ਵੱਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾਵੇ ।

ਅਜਿਹੀਆਂ ਕਾਰਜਸ਼ੀਲ ਸ਼ਖ਼ਸ਼ੀਅਤਾਂ ਵਿੱਚ ਪ੍ਰੋਫ਼ੈਸਰ ਬਹਾਦਰ ਸਿੰਘ ਸੁਨੇਤ ਜੀ ਦਾ ਨਾਮ ਉਭਰ ਕੇ ਸਾਹਮਣੇ ਆਉਂਦਾ ਹੈ ਜਿਨ੍ਹਾਂ ਨੇ 38 ਸਾਲ ਭਾਈ ਘਨੱਈਆ ਜੀ ਦੀਆਂ ਸੇਵਾਵਾਂ ਨੂੰ ਕੌਮਾਂਤਰੀ ਪੱਧਰ ਤੇ ਦਰਜ ਕਰਵਾਉਣ ਦੀ ਅਹਿਮ ਭੂਮਿਕਾ ਨਿਭਾਈ ਹੈ। ਸੇਵਾ ਦੇ ਖੇਤਰ ਯੋਗਦਾਨ ਕਰਕੇ ਹੀ ਆਪ ਜੀ ਨੂੰ ਪੰਜਾਬ ਸਰਕਾਰ ਵੱਲੋਂ ਸਟੇਟ ਐਵਾਰਡ ਨਾਲ ਨਿਵਾਜਿਆ ਜਾ ਚੁੱਕਾ ਹੈ। ਇਸ ਤੋਂ ਇਲਾਵਾ ਭਾਈ ਘਨੱਈਆ ਜੀ ਐਵਾਰਡ, ਹੁਸ਼ਿਆਰਪੁਰ ਸੇਵਾ ਰਤਨ ਐਵਾਰਡ, ਅੰਬੈਸਡਰ ਫਾਰ ਪੀਸ ਐਵਾਰਡ ਮਿਲ ਚੁੱਕੇ ਹਨ । ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਵਿਭਾਗ, ਰੈੱਡਕਰਾਸ ਅਤੇ ਹੋਰ ਪ੍ਰਮੁੱਖ ਸੰਸਥਾਵਾਂ ਵੱਲੋਂ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ । ਸਮਾਜ ਸੇਵਾ ਦੇ ਖੇਤਰ ਵਿੱਚ ਪਿਛਲੇ ਚਾਰ ਦਹਾਕਿਆਂ ਤੋਂ ਭਾਈ ਘਨੱਈਆ ਜੀ ਦੀਆਂ ਮਹਾਨ ਸੇਵਾਵਾਂ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਹੁੰਚਾਉਣ ਵਾਲੇ ਪ੍ਰੋ: ਬਹਾਦਰ ਸਿੰਘ ਸੁਨੇਤ ਨੂੰ ਵਿਰਾਸਤ-ਏ-ਖਾਲਸਾ, ਸ਼੍ਰੀ ਅਨੰਦਪੁਰ ਸਾਹਿਬ ਵਿਖੇ ਸਨਮਾਨਿਤ ਕੀਤਾ ਗਿਆ । ਭਾਈ ਘਨੱਈਆ ਜੀ ਨਿਸ਼ਕਾਮ ਸੇਵਕ ਜਥਾ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਨੂੰ 4, 10 ਅਤੇ 22 ਅਗਸਤ 2022 ਨੂੰ ਪੱਤਰ ਲਿਖ ਕੇ ਪ੍ਰੋਫ਼ੈਸਰ ਬਹਾਦਰ ਸਿੰਘ ਜੀ ਨੂੰ ÷ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ÷ ਦੇ ਸ਼ੁੱਭ ਅਵਸਰ @ਤੇ 20 ਸਤੰਬਰ ਨੂੰ ਆਨਰੇਰੀ ਡਾਕਟਰ ਡਿਗਰੀ ਨਾਲ ਸਨਮਾਨਿਤ ਕਰਨ ਦੀ ਮੰਗ ਕੀਤੀ ਗਈ ਸੀ । ਪਰ ਉਹ ਪੱਤਰ ਦਫ਼ਤਰ ਤਾਰੀਖ਼ ਲੰਘ ਜਾਣ ਤੋਂ ਬਾਅਦ ਮਿਲਿਆ ਜਿਸ ਕਾਰਨ ਪ੍ਰੋ: ਬਹਾਦਰ ਸਿੰਘ ਜੀ ਨੂੰ ਸਨਮਾਨਿਤ ਕਰਨ ਸੰਬੰਧੀ ਕੋਈ ਫੈਸਲਾ ਨਹੀਂ ਹੋ ਸਕਿਆ ।

ਭਾਈ ਘਨੱਈਆ ਜੀ ਦੀਆਂ ਸੇਵਾਵਾਂ ਨੂੰ ਕੌਮਾਂਤਰੀ ਪੱਧਰ @ਤੇ ਦਰਜ ਕਰਵਾਉਣ ਦੀ ਦਹਾਕਿਆਂ ਦੀ ਘਾਲਣਾ ਅਤੇ ਖੋਜ ਕਾਰਜਾਂ ਨੂੰ ਗਹੁ ਨਾਲ ਵੇਖੀਏ ਤਾਂ ਆਪ-ਮੁਹਾਰੇ ਵਿਚਾਰਧਾਰਾ ਪੈਦਾ ਹੁੰਦੀ ਹੈ ਕਿ ਪ੍ਰੋਫ਼ੈਸਰ ਬਹਾਦਰ ਸਿੰਘ ਸੁਨੇਤ ਜੀ ਨੂੰ ਆਨਰੇਰੀ ਡਾਕਟਰ ਡਿਗਰੀ ਨਾਲ ਸਨਮਾਨਿਤ ਕੀਤਾ ਜਾਣਾ ਚਾਹੀਦਾ ਹੈ। ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਾਂ ਯੂਨੀਵਰਸਿਟੀਆਂ ਦੀ ਅਜਿਹੀ ਪਹਿਲ ਸਿਹਤਮੰਦ ਸਮਾਜ ਦੀ ਸਿਰਜਣਾ ਹਿੱਤ ਸੰਸਾਰ ਨੂੰ ਸੁਨੇਹਾ ਦੇ ਸਕਦੀ ਹੈ। ਭਾਈ ਘਨੱਈਆ ਜੀ ਮਾਨਵ ਸੇਵਾ ਦਿਵਸ 20 ਸਤੰਬਰ ਮੌਕੇ ਅਜਿਹੀਆਂ ਪਿਰਤਾਂ ਹੋਰਾਂ ਨੂੰ ਵੀ ਹੋਰ ਕੁਝ ਕਾਰਜਾਂ ਅਤੇ ਸੇਵਾਵਾਂ ਵਾਸਤੇ ਉਤਸ਼ਾਹਿਤ ਕਰ ਸਕਦੀਆਂ ਹਨ ।

# ਵੱਡਾ ਖ਼ਤਰਾ ਬਣ ਰਹੇ ਹਨ ਗ਼ੈਰ-ਸਰਕਾਰੀ ਸੰਗਠਨ

ਭਾਰਤ ਨੂੰ ਅਸਥਿਰ ਕਰਨ ਵਾਲੀਆਂ ਅੰਦਰੂਨੀ-ਬਾਹਰਲੀਆਂ ਤਾਕਤਾਂ ਦੇ ਕਈ ਮਖੌਟੇ ਹਨ। ਅਜਿਹਾ ਹੀ ਇਕ ਭੋਲਾ ਦਿਖਣ ਵਾਲਾ ਨਕਾਬ ਐੱਨਜੀਓ (ਗ਼ੈਰ-ਸਰਕਾਰੀ ਸੰਗਠਨ) ਹੈ। ਬੀਤੇ ਦਿਨੀਂ ਆਮਦਨ ਕਰ ਵਿਭਾਗ ਨੇ ਆਕਸਫੈਮ ਇੰਡੀਆ ਸਮੇਤ ਪੰਜ ਵੱਡੇ ਐੱਨਜੀਓਜ਼ ਦੇ ਦਫ਼ਤਰਾਂ ’ਤੇ ਛਾਪਾ ਮਾਰਿਆ। ਡੂੰਘੀ ਜਾਂਚ ਤੋਂ ਸਾਹਮਣੇ ਆਇਆ ਇਹ ਸੰਗਠਨ ਬਾਹਰਲੇ ਧਨ-ਬਲ ਦੇ ਦਮ ’ਤੇ ਦੇਸ਼ ਦੇ ਸਨਅਤੀ ਪ੍ਰਾਜੈਕਟਾਂ ਵਿਰੁੱਧ ਮੁਹਿੰਮ ਚਲਾ ਰਹੇ ਸਨ। ਉਨ੍ਹਾਂ ਦਾ ਇਰਾਦਾ ਦੇਸ਼ ਦੇ ਸਨਅਤੀ ਵਿਕਾਸ ਵਿਚ ਰੁਕਾਵਟ ਪਾ ਕੇ ਆਰਥਿਕਤਾ ਲਈ ਮੁਸ਼ਕਲਾਂ ਖੜ੍ਹੀਆਂ ਕਰਨ ਦਾ ਸੀ। ਇਹੀ ਕੰਮ ਮੌਜੂਦਾ ਸਮੇਂ ਵੀ ਹੋ ਰਿਹਾ ਹੈ। ਭਾਵੇਂ ਸਰਕਾਰ ਦਾ ਟੀਚਾ 2047 ਤੱਕ ਮੁਲਕ ਨੂੰ ਸੰਸਾਰ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਬਣਾਉਣ ਦਾ ਹੈ ਪਰ ਵਿਦੇਸ਼ੀ ਤਾਕਤਾਂ ਦੇ ਹੱਥਠੋਕੇ ਬਣੇ ਕਈ ਐੱਨਜੀਓ ਇਹ ਕੋਸ਼ਿਸ਼ ਕਰ ਰਹੇ ਹਨ ਕਿ ਭਾਰਤ ਦੀ ਆਰਥਿਕਤਾ ਦੀ ਰਫ਼ਤਾਰ ਬਹੁਤ ਮੱਠੀ ਪੈ ਜਾਵੇ। ਇਸ ਸਿਲਸਿਲੇ ਵਿਚ ਇਕ ਹਾਲੀਆ ਘਟਨਾਚੱਕਰ ਹੋਰ ਵੀ ਹੈਰਾਨ ਕਰਨ ਵਾਲਾ ਰਿਹਾ ਅਤੇ ਉਹ ਇਹ ਕਿ ਐੱਨਜੀਓ ਦੁਆਰਾ ਸਮਾਜ ਵਿਚ ਮਜ਼ਹਬ ਦੇ ਨਾਂ ’ਤੇ ਨਫ਼ਰਤ ਫੈਲਾਉਣ ਵਾਲਿਆਂ ਦਾ ਬਚਾਅ ਕੀਤਾ ਜਾ ਰਿਹਾ ਹੈ। ਇਹ ਮਾਮਲਾ 2018 ਵਿਚ ਉੱਤਰ ਪ੍ਰਦੇਸ਼ ਦੇ ਕਾਸਗੰਜ ਵਿਚ ਚੰਦਨ ਗੁਪਤਾ ਹੱਤਿਆਕਾਂਡ ਨਾਲ ਜੁੜਿਆ ਹੈ। ਇਸ ਮਾਮਲੇ ਵਿਚ 28 ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਮੁਸਲਿਮ ਬਹੁਤਾਤ ਇਲਾਕੇ ਵਿਚ ਹਿੰਸਕ ਭੀੜ ਨੇ ਗਣਤੰਤਰ ਦਿਵਸ ’ਤੇ ਤਿਰੰਗਾ ਯਾਤਰਾ ਕੱਢ ਰਹੇ ਚੰਦਨ ਦੀ ਹੱਤਿਆ ਕਰ ਦਿੱਤੀ ਸੀ। ਹਾਲ ਹੀ ਵਿਚ ਜਦ ਇਸ ਮਾਮਲੇ ਵਿਚ ਐੱਨਆਈਏ ਦੀ ਅਦਾਲਤ ਨੇ ਫ਼ੈਸਲਾ ਸੁਣਾਇਆ ਤਾਂ ਉਸ ਵਿਚ ਇਹ ਚਿੰਤਾ ਜ਼ਾਹਰ ਕੀਤੀ ਗਈ ਕਿ ਕੁਝ ਐੱਨਜੀਓ ਦੰਗਾਕਾਰੀਆਂ ਨੂੰ ਹਰ ਸੰਭਵ ਕਾਨੂੰਨੀ ਸਹਾਇਤਾ ਪਹੁੰਚਾ ਰਹੇ ਸਨ। ਇਨ੍ਹਾਂ ਵਿਚ ‘ਸਿਟੀਜ਼ਨ ਆਫ ਜਸਟਿਸ ਐਂਡ ਪੀਸ’, ‘ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼’, ‘ਰਿਹਾਈ ਮੰਚ’, ‘ਯੂਨਾਈਟਿਡ ਅਗੇਂਸਟ ਹੇਟ’ ਵਰਗੇ ਦੇਸੀ ਅਤੇ ‘ਅਲਾਇੰਸ ਫਾਰ ਜਸਟਿਸ ਐਂਡ ਅਕਾਊਂਟਿਬਿਲਟੀ’, ‘ਇੰਡੀਅਨ ਅਮਰੀਕਨ ਮੁਸਲਿਮ ਕੌਂਸਲ’ ਅਤੇ ‘ਸਾਊਥ ਏਸ਼ੀਆ ਸਾਲਿਡੇਰਿਟੀ ਗਰੁੱਪ’ ਵਰਗੇ ਵਿਦੇਸ਼ੀ ਐੱਨਜੀਓਜ਼ ਦੇ ਨਾਂ ਸਾਹਮਣੇ ਆਏ। ਜੱਜ ਵਿਵੇਕਾਨੰਦ ਸ਼ਰਣ ਤ੍ਰਿਪਾਠੀ ਨੇ ਇਸ ’ਤੇ ਕਿਹਾ, “ਇਹ ਪਤਾ ਲਗਾਉਣ ਲਈ ਕਿ ਐੱਨਜੀਓਜ਼ ਨੂੰ ਧਨ ਕਿੱਥੋਂ ਮਿਲ ਰਿਹਾ ਹੈ, ਉਨ੍ਹਾਂ ਦਾ ਸਮੂਹਿਕ ਉਦੇਸ਼ ਕੀ ਹੈ ਅਤੇ ਨਿਆਂਇਕ ਪ੍ਰਕਿਰਿਆ ਵਿਚ ਉਨ੍ਹਾਂ ਦੇ ਬੇਲੋੜੇ ਦਖ਼ਲ ਨੂੰ ਰੋਕਣ ਦਾ ਅਸਰਦਾਰ ਉਪਾਅ ਕਰਨ ਲਈ ਇਸ ਫ਼ੈਸਲੇ ਦੀ ਇਕ ਨਕਲ ਬਾਰ ਕੌਂਸਲ ਆਫ ਇੰਡੀਆ ਅਤੇ ਕੇਂਦਰੀ ਗ੍ਰਹਿ ਸਕੱਤਰ ਨੂੰ ਭੇਜੀ ਜਾਣੀ ਚਾਹੀਦੀ ਹੈ ਕਿਉਂਕਿ ਇਹ ਬਿਰਤੀ ਬੇਹੱਦ ਖ਼ਤਰਨਾਕ ਹੈ ਅਤੇ ਸੌੜੀ ਸੋਚ ਨੂੰ ਹੱਲਾਸ਼ੇਰੀ ਦੇ ਰਹੀ ਹੈ। ਸਿਟੀਜ਼ਨ ਆਫ ਜਸਟਿਸ ਐਂਡ ਪੀਸ ਦੀ ਸੰਸਥਾਪਕ ਟਰੱਸਟੀ ਅਤੇ ਸਕੱਤਰ ਤੀਸਤਾ ਸੀਤਲਵਾੜ ਹੈ ਜਿਸ ਵਿਰੁੱਧ ਸੁਪਰੀਮ ਕੋਰਟ ਦੇ ਨਿਰਦੇਸ਼ ’ਤੇ ਗੁਜਰਾਤ ਦੰਗਾ ਮਾਮਲੇ ਵਿਚ ਝੂਠੀ ਕਹਾਣੀ ਘੜਨ ਅਤੇ ਫ਼ਰਜ਼ੀ ਗਵਾਹੀ ਦਿਵਾਉਣ ਦਾ ਮਾਮਲਾ ਦਰਜ ਹੈ। ਕਿਸੇ ਸ਼ੱਕੀ ਕਿਸਮ ਦੇ ਐੱਨਜੀਓ ਦੀ ਪੜਤਾਲ ’ਤੇ ਕੁਝ ਤਬਕਿਆਂ ਦੇ ਵਿਰੋਧ ਦਾ ਸਿਲਸਿਲਾ ਬਹੁਤ ਪੁਰਾਣਾ ਹੈ। ਇਸ ਵਾਸਤੇ ਲੋਕਤੰਤਰ ’ਤੇ ਵਾਰ ਕਰਨ ਅਤੇ ਪ੍ਰਗਟਾਵੇ ਦੀ ਆਜ਼ਾਦੀ ’ਤੇ ਰੋਕ ਲਾਉਣ ਵਰਗੇ ਦੋਸ਼ ਵੀ ਲਗਾਏ ਜਾਂਦੇ ਹਨ। ਹਾਲਾਂਕਿ ਇਸ ਮੁੱਦੇ ਨੂੰ ਲੈ ਕੇ ਸੁਰ ਤਿੱਖੇ ਵੀ ਹੁੰਦੇ ਰਹੇ ਹਨ। ਸੰਨ 2005 ਵਿਚ ਮਾਕਪਾ ਦੇ ਇਜਲਾਸ ਵਿਚ ਪਾਰਟੀ ਨੇਤਾ ਪ੍ਰਕਾਸ਼ ਕਰਾਤ ਨੇ ਕਿਹਾ ਸੀ, “ਸਾਡੀ ਪਾਰਟੀ ਨੇ ਲਗਾਤਾਰ ਚਿਤਾਵਨੀ ਦਿੱਤੀ ਹੈ ਕਿ ਐੱਨਜੀਓਜ਼ ਦੀਆਂ ਕਈ ਸਰਗਰਮੀਆਂ ਨੂੰ ਵਿੱਤ ਪੋਸ਼ਣ ਕਰਨ ਲਈ ਵੱਡੀ ਮਾਤਰਾ ਵਿਚ ਵਿਦੇਸ਼ੀ ਧਨ ਆ ਰਿਹਾ ਹੈ। ਪੱਛਮੀ ਏਜੰਸੀਆਂ ਤੋਂ ਮਿਲਣ ਵਾਲੇ ਅਜਿਹੇ ਧਨ ਦਾ ਉਦੇਸ਼ ਲੋਕਾਂ ਦਾ ਰਾਜਨੀਤੀਕਰਨ ਕਰਨਾ ਹੁੰਦਾ ਹੈ।” ਅਜਿਹੀਆਂ ਗੱਲਾਂ ਨਿਰਮੂਲ ਨਹੀਂ ਹਨ। ਭਾਰਤੀ ਵਿਕਾਸ ਗਾਥਾ ਵਿਚ ਐੱਨਜੀਓ ਲਾਬੀ ਦੁਆਰਾ ਅੜਿੱਕਾ ਪਾਉਣ ਦੀਆਂ ਅੰਤਹੀਣ ਮਿਸਾਲਾਂ ਹਨ। ਇਕ ਅਧਿਐਨ ਮੁਤਾਬਕ 1985 ਵਿਚ ਚੀਨ ਅਤੇ ਭਾਰਤ ਦੀ ਪ੍ਰਤੀ ਵਿਅਕਤੀ ਜੀਡੀਪੀ ਲਗਪਗ 293 ਡਾਲਰ ਸੀ। ਹਾਲੇ ਚੀਨ ਵਿਚ ਇਹ 13,000 ਡਾਲਰ ਤੋਂ ਵੱਧ ਅਤੇ ਭਾਰਤ ਵਿਚ ਮਹਿਜ਼ 2700 ਡਾਲਰ ਹੈ। ਲਗਪਗ 18.5 ਟ੍ਰਿਲੀਅਨ (ਲੱਖ ਕਰੋੜ) ਡਾਲਰ ਦੀ ਚੀਨ ਦੀ ਆਰਥਿਕਤਾ ਵੀ ਭਾਰਤ ਨਾਲੋਂ ਲਗਪਗ ਪੰਜ ਗੁਣਾ ਵਿਸ਼ਾਲ ਹੈ। ਵਿਕਾਸ ਦੀ ਇਸ ਦੌੜ ਵਿਚ ਭਾਰਤ ਦੇ ਪੱਛੜਨ ਨੂੰ ਇਕ ਪ੍ਰਾਜੈਕਟ ਦੀ ਮਿਸਾਲ ਨਾਲ ਹੀ ਸਮਝਿਆ ਜਾ ਸਕਦਾ ਹੈ। ਵਿਸ਼ਵ ਦੇ ਸਭ ਤੋਂ ਉੱਚੇ ਡੈਮਾਂ ’ਚੋਂ ਇਕ ਥ੍ਰੀ ਗੋਰਜੇਸ ਡੈਮ ਜੋ ਚੀਨ ਵਿਚ 10 ਸਾਲਾਂ ਤੋਂ ਕੁਝ ਜ਼ਿਆਦਾ ਸਮੇਂ ਵਿਚ ਬਣ ਕੇ ਤਿਆਰ ਹੋ ਗਿਆ ਜਦਕਿ ਉਸ ਦੀ ਤੁਲਨਾ ਵਿਚ ਕਿਤੇ ਛੋਟੇ ਸਰਦਾਰ ਸਰੋਵਰ ਬੰਨ੍ਹ ਨੂੰ ਪੂਰਾ ਕਰਨ ਵਿਚ ਭਾਰਤ ਨੂੰ 56 ਸਾਲ ਲੱਗ ਗਏ। ਇਸ ਦਾ ਇਕ ਵੱਡਾ ਕਾਰਨ ਦੇਸ਼ ਵਿਚ ਸਮਝੌਤਾਵਾਦੀ ਖਿਚੜੀ ਗੱਠਜੋੜ ਸਰਕਾਰਾਂ ਵੀ ਰਹੀਆਂ। ਉਨ੍ਹਾਂ ਵਿਚ ਕੁਝ ਅਪਵਾਦਾਂ ਨੂੰ ਛੱਡ ਕੇ ਰਾਸ਼ਟਰ ਹਿੱਤ ਗੌਣ ਰਿਹਾ ਅਤੇ ਜੋੜ-ਤੋੜ ਦੀ ਸਿਆਸਤ ਭਾਰੂ ਰਹੀ। ਇਸ ਦਾ ਲਾਹਾ ਮਨੁੱਖੀ ਅਧਿਕਾਰ-ਵਾਤਾਵਰਨ ਸੰਭਾਲ ਦੇ ਨਾਂ ’ਤੇ ਨਰਮਦਾ ਬਚਾਓ ਅੰਦੋਲਨ ਯਾਨੀ ਐੱਨਬੀਏ ਵਰਗੇ ਸ਼ੱਕੀ ਮਨਸ਼ਾ ਵਾਲੇ ਸੰਗਠਨਾਂ ਨੇ ਚੁੱਕਿਆ। ਇਸ ਦੌਰਾਨ ਜਿੱਥੇ ਦੇਸ਼ ਦਾ ਵਿਕਾਸ ਰੁਕਿਆ ਰਿਹਾ, ਓਥੇ ਹੀ ਐੱਨਬੀਏ ਨੇਤਾ ਮੇਧਾ ਪਾਟੇਕਰ ਨੂੰ ਦੁਨੀਆ ਭਰ ਵਿਚ ਪ੍ਰਚਾਰ ਮਿਲਿਆ। ਅੱਜ ਸਰਦਾਰ ਸਰੋਵਰ ਬੰਨ੍ਹ ਤੋਂ ਗੁਜਰਾਤ ਦੇ ਨਾਲ-ਨਾਲ ਮੱਧ ਪ੍ਰਦੇਸ਼, ਮਹਾਰਾਸ਼ਟਰ ਅਤੇ ਰਾਜਸਥਾਨ ਦੇ ਸਰਹੱਦੀ ਇਲਾਕਿਆਂ ਦੇ ਕਰੋੜਾਂ ਲੋਕਾਂ ਨੂੰ ਬਿਜਲੀ, ਸਿੰਚਾਈ ਲਈ ਪਾਣੀ ਅਤੇ ਸਾਫ਼ ਪੀਣ ਵਾਲਾ ਪਾਣੀ ਮਿਲ ਰਿਹਾ ਹੈ। ਤਾਮਿਲਨਾਡੂ ਸਥਿਤ ਕੁੰਡਨਕੁਲਮ ਪਰਮਾਣੂ ਪ੍ਰਾਜੈਕਟ ਨੂੰ ਵੀ ਐੱਨਜੀਓਜ਼ ਦੀ ਦਖ਼ਲਅੰਦਾਜ਼ੀ ਦੀ ਤਪਸ਼ ਸਹਾਰਨੀ ਪਈ। ਫਰਵਰੀ 2012 ਵਿਚ ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਸੀ, “ਕੁਡਨਕੁਲਮ ਪਰਮਾਣੂ ਊਰਜਾ ਪ੍ਰੋਗਰਾਮ ਮੁਸ਼ਕਲਾਂ ਵਿਚ ਘਿਰ ਗਿਆ ਹੈ ਕਿਉਂਕਿ ਅਮਰੀਕਾ ਸਥਿਤ ਕਈ ਐੱਨਜੀਓ ਸਾਡੇ ਦੇਸ਼ ਲਈ ਊਰਜਾ ਸਪਲਾਈ ਵਾਧੇ ਦੀ ਜ਼ਰੂਰਤ ਦੀ ਕਦਰ ਨਹੀਂ ਕਰਦੇ।” ਰੂਸ ਦੀ ਹਮਾਇਤ ਵਾਲੇ ਇਸ ਪ੍ਰਾਜੈਕਟ ਦਾ ਐੱਨਜੀਓ ਲਾਬੀ ਦੁਆਰਾ ਭਾਰੀ ਵਿਰੋਧ ਹੋਇਆ ਸੀ। ਇਸ ਨਾਲ ਉਸ ਦੇ ਸੰਚਾਲਨ ਵਿਚ ਅੱਠ ਸਾਲ ਦੀ ਦੇਰੀ ਹੋਈ ਅਤੇ ਪ੍ਰਾਜੈਕਟ ਦੀ ਲਾਗਤ ਦਸ ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਵਧ ਗਈ ਜੋ ਸਰਕਾਰੀ ਖ਼ਜ਼ਾਨੇ ’ਤੇ ਭਾਰੀ ਬੋਝ ਸਿੱਧ ਹੋਇਆ। ਅਜਿਹੇ ਹਾਲਾਤ ਹੋਰ ਵੀ ਕਈ ਪ੍ਰਾਜੈਕਟਾਂ ਅੱਗੇ ਲਗਾਤਾਰ ਖੜ੍ਹੇ ਹੋ ਰਹੇ ਹਨ। ਕੇਰਲ ਵਿਚ ਵਿਝਿੰਜਮ ਕੌਮਾਂਤਰੀ ਬੰਦਰਗਾਹ ਦੇ ਨਿਰਮਾਣ ਦੇ ਸਮੇਂ ਵੀ ਇਹੀ ਦੇਖਣ ਨੂੰ ਮਿਲਿਆ। ਉਦੋਂ ਚਰਚ ਦੇ ਸਮਰਥਨ ਨਾਲ ਸਥਾਨਕ ਮਛੇਰਿਆਂ ਵੱਲੋਂ ਵੱਡੇ ਪੈਮਾਨੇ ’ਤੇ ਵਿਰੋਧ ਪ੍ਰਦਰਸ਼ਨ ਹੋਏ ਸਨ। ਇਸ ’ਤੇ ਕੇਰਲ ਦੇ ਮੁੱਖ ਮੰਤਰੀ ਪੀ. ਵਿਜਯਨ ਨੇ ਕਿਹਾ ਸੀ ਕਿ ਇਹ ਵਿਰੋਧ ਸਥਾਨਕ ਮਛੇਰਿਆਂ ਦਾ ਨਾ ਹੋ ਕੇ ਸੰਗਠਿਤ ਪ੍ਰਤੀਤ ਹੋ ਰਿਹਾ ਹੈ। ਕਥਿਤ ਚੌਗਿਰਦਾ ਚਿੰਤਾਵਾਂ ਦੇ ਨਾਂ ’ਤੇ ਯੋਜਨਾਬੱਧ ਜ਼ੋਰਦਾਰ ਰੋਸ ਪ੍ਰਦਰਸ਼ਨ ਅਤੇ ਚਰਚ ਪ੍ਰੇਰਿਤ ਵਿਰੋਧ ਤੋਂ ਬਾਅਦ ਤੂਤੀਕੋਰਿਨ ਵਿਚ ਵੇਦਾਂਤਾ ਨੂੰ ਸਟਰਲਾਈਟ ਤਾਂਬਾ ਸਮੈਲਟਰ ਕਾਰਖਾਨਾ 2018 ਵਿਚ ਬੰਦ ਕਰਨਾ ਪਿਆ। ਇਸ ਨਾਲ ਭਾਰਤੀ ਤਾਂਬਾ ਉਦਯੋਗ ਨੂੰ ਇੰਨਾ ਨੁਕਸਾਨ ਹੋਇਆ ਕਿ 2017-2018 ਤੱਕ ਜੋ ਭਾਰਤ ਵਿਸ਼ਵ ਦੇ ਚੋਟੀ ਦੇ ਪੰਜ ਤਾਂਬਾ ਬਰਾਮਦਕਾਰਾਂ ’ਚੋਂ ਇਕ ਸੀ, ਉਹ ਤਾਂਬੇ ਦਾ ਦਰਾਮਦਕਾਰ ਬਣ ਗਿਆ। ਬੇਸ਼ੱਕ ਕੁਝ ਐੱਨਜੀਓ ਸਮਾਜ ਭਲਾਈ ਦੇ ਕੰਮਾਂ ਵਿਚ ਲੱਗੇ ਹੋਏ ਹਨ ਪਰ ਇਹ ਵੀ ਹਕੀਕਤ ਹੈ ਕਿ ਕਈ ਭਾਰਤ ਵਿਰੋਧੀ ਤਾਕਤਾਂ ਐੱਨਜੀਓ ਦਾ ਰੂਪ ਅਖਤਿਆਰ ਕਰ ਕੇ ਦੇਸ਼ ਤੇ ਸਮਾਜ ਨੂੰ ਕਮਜ਼ੋਰ ਕਰਨ ਦੇ ਯਤਨਾਂ ਵਿਚ ਸ਼ੁਮਾਰ ਹਨ। ਇਸ ਨੂੰ ਦੇਖਦੇ ਹੋਏ 2012 ਤੋਂ 2024 ਤੱਕ ਗ੍ਰਹਿ ਮੰਤਰਾਲਾ ਕੁੱਲ 20,721 ਐੱਨਜੀਓ ਦਾ ਵਿਦੇਸ਼ੀ ਅੰਸ਼ਦਾਨ ਪੰਜੀਕਰਨ ਰੱਦ ਕਰ ਚੁੱਕਾ ਹੈ। ਫਿਰ ਵੀ ਵਿੱਤੀ ਸਾਲ 2017-18 ਅਤੇ 2021-22 ਦੌਰਾਨ ਐੱਨਜੀਓਜ਼ ਨੂੰ ਲਗਪਗ 89 ਹਜ਼ਾਰ ਕਰੋੜ ਰੁਪਏ ਦਾ ਵਿਦੇਸ਼ੀ ਚੰਦਾ ਪ੍ਰਾਪਤ ਹੋਇਆ। ਆਖ਼ਰ ਵਿਦੇਸ਼ ਤੋਂ ਐੱਨਜੀਓਜ਼ ਨੂੰ ਮਿਲ ਰਹੇ ਅਥਾਹ ਧਨ ਦਾ ਮਕਸਦ ਕੀ ਹੈ ? ਆਧੁਨਿਕ ਜੰਗਾਂ ਸਰਹੱਦਾਂ ਦੀਆਂ ਮੁਥਾਜ ਨਹੀਂ ਹਨ। ਇਸ ਲਈ ਦੇਸ਼ ਦੇ ਅੰਦਰ ਪਲ਼ ਰਹੇ ਦੁਸ਼ਮਣਾਂ ਨੂੰ ਵੀ ਨੱਥ ਪਾਉਣ ਦੀ ਜ਼ਰੂਰਤ ਹੈ।

# ਜ਼ਿੰਦਗੀ ਇਕ ਸੁਪਨੇ ਦਾ ਸੱਚ

**ਬੁਢਾਪਾ ਜ਼ਿੰਦਗੀ ਦਾ ਉਹ ਸੱਚ ਹੈ ਜਿਸ ਦੇ ਸਨਮੁੱਖ ਹੋਣ ਤੋਂ ਹਰ ਕੋਈ ਤ੍ਰਹਿੰਦਾ ਹੈ। ਡੁੱਬਦੇ ਸੂਰਜ ਵਰਗੇ ਪਲ ਜੀਵਨ-ਗਲੀ ਵਿਚ ਹੋਕਰਾ ਦਿੰਦੇ ਹਨ ਤਾਂ ਮਨ ਇਸ ਆਵਾਜ਼ ਨੂੰ ਸੁਣਨ ਤੋਂ ਮੁਨਕਰ ਹੋਣਾ ਚਾਹੁੰਦਾ ਹੈ। ਜਦੋਂ ਸੱਚ ਸਾਹਮਣੇ ਦ੍ਰਿਸ਼ਮਾਨ ਹੁੰਦਾ ਹੈ ਤਾਂ ਮਨੁੱਖ ਇਸ ਤੋਂ ਬਹੁਤਾ ਚਿਰ ਮੁਨਕਰ ਨਹੀਂ ਰਹਿ ਸਕਦਾ। ਜੇ ਅਸੀਂ ਚੜ੍ਹਦੇ ਸੂਰਜ ਦੀ ਆਰਤੀ ਉਤਾਰਦੇ ਹਾਂ, ਇਸ ਦੀਆਂ ਰਹਿਮਤਾਂ ਤੇ ਨਿਆਮਤਾਂ ਨੂੰ ਆਪਣਾ ਹਾਸਲ ਮੰਨਦੇ ਹਾਂ ਅਤੇ ਇਸ ਵਿਚੋਂ ਹੀ ਜੀਵਨ ਦੀਆਂ ਬਹੁਤ ਸਾਰੀਆਂ ਬਰਕਤਾਂ ਹਾਸਲ ਕਰਦੇ ਹਾਂ ਤਾਂ ਸਾਨੂੰ ਡੁੱਬਦੇ ਸੂਰਜ ਨੂੰ ਵੀ ਖ਼ੁਸ਼ਆਮਦੀਦ ਕਹਿਣਾ ਚਾਹੀਦਾ ਹੈ। ਡੁੱਬਦਾ ਸੂਰਜ, ਜਸ਼ਨ ਦਾ ਸਬੱਬ ਹੋਣਾ ਚਾਹੀਦਾ ਹੈ। ਸੰਧੂਰੀ ਕਿਰਨਾਂ ਵਿਚ ਜੀਵਨ ਦੇ ਸੰਧੂਰੀ ਅਤੇ ਸਾਂਵਲੇ ਰੰਗਾਂ ਦੀ ਕਲਾਕਾਰੀ ਹੁੰਦੀ ਹੈ। ਇਹ ਚਿੱਤਰਕਾਰੀ ਹੀ ਮਨੁੱਖ ਦੀ ਸਮੁੱਚੀ ਜ਼ਿੰਦਗੀ ਦਾ ਦਰਪਣ ਹੈ।ਡੁੱਬਦਾ ਸੂਰਜ ਕਦੇ ਵੀ ਅਕਾਰਥ ਨਹੀਂ ਹੁੰਦਾ। ਸੂਰਜ ਡੁੱਬਣ ਲੱਗਦਾ ਹੈ ਤਾਂ ਪਰਿੰਦੇ ਘਰਾਂ ਨੂੰ ਪਰਤਦੇ ਹਨ, ਬੋਟਾਂ ਦੀ ਭੁੱਖ ਨੂੰ ਟੁੱਕਰ ਦੀ ਆਸ ਹੁੰਦੀ ਹੈ, ਦਰੀਂ ਉਡੀਕਦੇ ਕਲੀਰਿਆਂ ਨੂੰ ਪਿਆਰੇ ਦੀ ਦਸਤਕ ਦਾ ਹਰ ਦਮ ਭੁਲੇਖਾ ਪੈਂਦਾ ਅਤੇ ਬੁੱਢੇ ਮਾਪਿਆਂ ਦੇ ਮਨਾਂ 'ਚ ਪਰਦੇਸੀ ਪੁੱਤ ਦੇ ਘਰ ਪਰਤਣ ਦੀ ਆਸ ਜਾਗਦੀ ਹੈ।**

ਜ਼ਿੰਦਗੀ ਇਕ ਸੁਪਨੇ ਦਾ ਸੱਚ ਜੋ ਕਦੇ ਸਰਘੀ, ਕਦੇ ਛਾਹ ਵੇਲਾ, ਕਦੇ ਲੌਢਾ ਵੇਲਾ, ਕਦੇ ਤਿੱਖੜ ਦੁਪਹਿਰ, ਕਦੇ ਪੈ ਰਹੀਆਂ ਤ੍ਰਿਕਾਲਾਂ ਅਤੇ ਕਦੇ ਉਤਰ ਰਿਹਾ ਘੁਸਮੁਸਾ। ਜ਼ਿੰਦਗੀ ਦਾ ਸਫ਼ਰ, ਦਿਨ ਦੇ ਨਿਆਈਂ। ਜ਼ਿੰਦਗੀ ਦਾ ਹਰ ਪਹਿਰ ਹੀ ਖ਼ੂਬਸੂਰਤ ਅਤੇ ਖ਼ਾਸ। ਇਸ ਦੇ ਤੁਰ ਜਾਣ ਤੋਂ ਬਾਅਦ ਕੁਝ ਯਾਦਾਂ ਬਚਦੀਆਂ ਹਨ ਜੋ ਮਨੁੱਖ ਦਾ ਖ਼ਜ਼ਾਨਾ ਬਣਦੀਆਂ ਅਤੇ ਮਨ-ਬੀਹੀ ਵਿਚ ਫੇਰਾ ਪਾਉਂਦੀਆਂ ਹਨ। ਬਚਪਨ ਦਾ ਵੇਲਾ ਅਜਿਹਾ ਹੁੰਦਾ ਹੈ ਕਿ ਮਨ ਬਚਪਨ ਨੂੰ ਮੁੜ ਕੇ ਜਿਊਣਾ ਚਾਹੁੰਦਾ ਹੈ, ਪਰ ਇਹ ਕਦੇ ਨਹੀਂ ਪਰਤਦਾ। ਜਦ ਅਸੀਂ ਜੀਵਨ ਦੇ ਪਿਛਲੇ ਪਹਿਰ ਦੀ ਆਮਦ ਵਿਚ ਕੁਝ ਕੁ ਉਦਾਸ ਹੁੰਦੇ ਹਾਂ ਤਾਂ ਹੁੰਦਲਹੇੜ ਉਮਰ ਦੀਆਂ ਖ਼ਰਮਸਤੀਆਂ, ਅਲਬੇਲਾਪਣ ਅਤੇ ਬੇਫ਼ਿਕਰੀ ਦਾ ਚੇਤਾ, ਮਨ ਦੀ ਅਲਮਸਤੀ ਨੂੰ ਮੁੜ-ਸੁਰਜੀਤ ਕਰਦਾ ਹੈ। ਜਵਾਨੀ ਦੀਆਂ ਬਹਾਰਾਂ ਅਤੇ ਰੰਗਲੇ ਦਿਨ ਕਦੇ ਪਰਤਦੇ ਨੇ? ਮਨ ਨਹੀਂ ਸੀ ਰੱਜਦਾ। ਉਸ ਵੇਲੇ ਤਾਂ ਮਨੁੱਖ ਖ਼ੁਦ ਬੁਢਾਪੇ ਬਾਰੇ ਸੋਚ ਵੀ ਨਹੀਂ ਸਕਦਾ ਅਤੇ ਕਦੇ ਵੀ ਬੁੱਢਾ ਨਹੀਂ ਹੋਣਾ ਚਾਹੁੰਦਾ।

ਬੁਢਾਪਾ ਜ਼ਿੰਦਗੀ ਦਾ ਉਹ ਸੱਚ ਹੈ ਜਿਸ ਦੇ ਸਨਮੁੱਖ ਹੋਣ ਤੋਂ ਹਰ ਕੋਈ ਤ੍ਰਹਿੰਦਾ ਹੈ। ਡੁੱਬਦੇ ਸੂਰਜ ਵਰਗੇ ਪਲ ਜੀਵਨ-ਗਲੀ ਵਿਚ ਹੋਕਰਾ ਦਿੰਦੇ ਹਨ ਤਾਂ ਮਨ ਇਸ ਆਵਾਜ਼ ਨੂੰ ਸੁਣਨ ਤੋਂ ਮੁਨਕਰ ਹੋਣਾ ਚਾਹੁੰਦਾ ਹੈ। ਜਦੋਂ ਸੱਚ ਸਾਹਮਣੇ ਦ੍ਰਿਸ਼ਮਾਨ ਹੁੰਦਾ ਹੈ ਤਾਂ ਮਨੁੱਖ ਇਸ ਤੋਂ ਬਹੁਤਾ ਚਿਰ ਮੁਨਕਰ ਨਹੀਂ ਰਹਿ ਸਕਦਾ ਜੇ ਅਸੀਂ ਚੜ੍ਹਦੇ ਸੂਰਜ ਦੀ ਆਰਤੀ ਉਤਾਰਦੇ ਹਾਂ, ਇਸ ਦੀਆਂ ਰਹਿਮਤਾਂ ਤੇ ਨਿਆਮਤਾਂ ਨੂੰ ਆਪਣਾ ਹਾਸਲ ਮੰਨਦੇ ਹਾਂ ਅਤੇ ਇਸ ਵਿਚੋਂ ਹੀ ਜੀਵਨ ਦੀਆਂ ਬਹੁਤ ਸਾਰੀਆਂ ਬਰਕਤਾਂ ਹਾਸਲ ਕਰਦੇ ਹਾਂ ਤਾਂ ਸਾਨੂੰ ਡੁੱਬਦੇ ਸੂਰਜ ਨੂੰ ਵੀ ਖ਼ੁਸ਼ਆਮਦੀਦ ਕਹਿਣਾ ਚਾਹੀਦਾ ਹੈ। ਡੁੱਬਦਾ ਸੂਰਜ, ਜਸ਼ਨ ਦਾ ਸਬੱਬ ਹੋਣਾ ਚਾਹੀਦਾ ਹੈ। ਸੰਧੂਰੀ ਕਿਰਨਾਂ ਵਿਚ ਜੀਵਨ ਦੇ ਸੰਧੂਰੀ ਅਤੇ ਸਾਂਵਲੇ ਰੰਗਾਂ ਦੀ ਕਲਾਕਾਰੀ ਹੁੰਦੀ ਹੈ। ਇਹ ਚਿੱਤਰਕਾਰੀ ਹੀ ਮਨੁੱਖ ਦੀ ਸਮੁੱਚੀ ਜ਼ਿੰਦਗੀ ਦਾ ਦਰਪਣ ਹੈ। ਡੁੱਬਦਾ ਸੂਰਜ ਕਦੇ ਵੀ ਅਕਾਰਥ ਨਹੀਂ ਹੁੰਦਾ। ਸੂਰਜ ਡੁੱਬਣ ਲੱਗਦਾ ਹੈ ਤਾਂ ਪਰਿੰਦੇ ਘਰਾਂ ਨੂੰ ਪਰਤਦੇ ਹਨ, ਬੋਟਾਂ ਦੀ ਭੁੱਖ ਨੂੰ ਟੁੱਕਰ ਦੀ ਆਸ ਹੁੰਦੀ ਹੈ, ਦਰੀਂ ਉਡੀਕਦੇ ਕਲੀਰਿਆਂ ਨੂੰ ਪਿਆਰੇ ਦੀ ਦਸਤਕ ਦਾ ਹਰ ਦਮ ਭੁਲੇਖਾ ਪੈਂਦਾ ਅਤੇ ਬੁੱਢੇ ਮਾਪਿਆਂ ਦੇ ਮਨਾਂ 'ਚ ਪਰਦੇਸੀ ਪੁੱਤ ਦੇ ਘਰ ਪਰਤਣ ਦੀ ਆਸ ਜਾਗਦੀ ਹੈ।

ਜੀਵਨ ਦੇ ਡੁੱਬ ਰਹੇ ਸੂਰਜ ਦੀ ਕਦੇ ਵੀ ਚੜ੍ਹਦੇ ਸੂਰਜ ਨਾਲ ਤੁਲਨਾ ਨਾ ਕਰੋ। ਚੜ੍ਹਦਾ ਸੂਰਜ ਦਿਨ ਲੈ ਕੇ ਆਉਂਦਾ ਹੈ ਜਦੋਂਕਿ ਡੁੱਬਦੇ ਸੂਰਜ ਨਾਲ ਰਾਤ ਉਤਰਦੀ ਹੈ। ਜੀਵਨ ਦੇ ਚੜ੍ਹਦੇ ਪਹਿਰ ਵਿਚ ਸਾਡੀ ਸੰਭਾਲ ਮਾਵਾਂ ਕਰਦੀਆਂ ਹਨ। ਲੋਰੀਆਂ ਸੁਣਾਉਂਦੀਆਂ ਤੇ ਸਦਕੇ ਜਾਂਦੀਆਂ ਹਨ। ਆਪ ਗਿੱਲੀ ਥਾਂ 'ਤੇ ਪੈ ਕੇ ਬੱਚੇ ਨੂੰ ਸੁੱਕੀ ਥਾਂ 'ਤੇ ਸੁਆਉਂਦੀਆਂ ਹਨ। ਬੱਚੇ ਦੇ ਕੰਡਾ ਲੱਗਣ 'ਤੇ ਦਰਦ-ਹੂੰਗਰ ਬਣਦੀਆਂ ਅਤੇ ਉਸ ਦੀ ਪੀੜਾ ਵਿਚ ਆਪ ਦੁਖੀ ਹੁੰਦੀਆਂ ਹਨ। ਦੂਜੇ ਪਾਸੇ ਬੁਢਾਪੇ ਵਿਚ ਸੰਭਾਲ ਦੀ ਲੋੜ ਪੈਣ 'ਤੇ ਕਿਸੇ ਨਰਸਿੰਗ ਹੋਮ ਵਿਚ ਨਰਸਾਂ ਜਾਂ ਘਰ ਵਿਚ ਬੱਚੇ ਕਰਦੇ ਹਨ। ਪਰ ਬੱਚਿਆਂ ਕੋਲੋਂ ਮਾਂ ਵਰਗੀ ਸੇਵਾ ਦੀ ਆਸ ਨਹੀਂ ਰੱਖੀ ਜਾ ਸਕਦੀ। ਮਾਂ ਤਾਂ ਸਮੁੱਚੀ ਤੁਹਾਡੇ ਲਈ ਸੀ, ਪਰ ਬੱਚਿਆਂ ਦੀਆਂ ਹੋਰ ਵੀ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਸਮਝਣਾ ਅਤੇ ਉਸ ਅਨੁਸਾਰ ਖ਼ੁਦ ਨੂੰ ਢਾਲਣਾ, ਬੁਢਾਪੇ ਦੀ ਜ਼ਿੰਮੇਵਾਰੀ ਹੈ। ਸਮੇਂ ਮੁਤਾਬਿਕ ਖ਼ੁਦ ਨੂੰ ਢਾਲ ਕੇ ਖ਼ੁਸ਼ ਰਿਹਾ ਜਾ ਸਕਦਾ ਹੈ ਅਤੇ ਇਉਂ ਬੁਢਾਪਾ ਨਹੀਂ ਰੁਲਦਾ।

ਬਚਪਨ ਵਿਚ ਮਾਪਿਆਂ ਨੇ ਤੁਰਨ ਦੇ ਆਸਰੇ ਲਈ ਗਡੀਰਾ ਦਿੱਤਾ ਸੀ ਜਿਸ ਦੇ ਛਣਕਦੇ ਘੁੰਗਰੂਆਂ ਦੀ ਲੋਰ ਵਿਚ ਬਚਪਨੀ ਬਾਦਸ਼ਾਹਤ ਨੂੰ ਬਹੁਤ ਮਾਣਿਆ, ਪਰ ਬੁਢਾਪੇ ਵਿਚ ਡੰਗੋਰੀ ਤੁਹਾਡਾ ਆਸਰਾ ਹੁੰਦੀ ਹੈ। ਗਡੀਰੇ ਤੋਂ ਡੰਗੋਰੀ ਤੀਕ ਦਾ ਸਫ਼ਰ ਔਖਾ ਤਾਂ ਜਾਪਦਾ ਹੈ, ਪਰ ਇਹੀ ਸੱਚ ਹੈ। ਗਡੀਰੇ ਨਾਲ ਡਿੱਗਣ ਦੀ ਸੰਭਾਵਨਾ ਬਹੁਤ ਘੱਟ ਸੀ ਕਿਉਂਕਿ ਮਾਂ ਦੀ ਨਜ਼ਰ ਹਮੇਸ਼ਾ ਤੁਹਾਡੇ ਵਿਚ ਹੁੰਦੀ ਸੀ, ਪਰ ਡੰਗੋਰੀ ਨਾਲ ਖ਼ੁਦ ਨੂੰ ਸੰਭਾਲਣ ਦੀ ਜ਼ਿੰਮੇਵਾਰੀ ਤੁਹਾਡੀ ਹੁੰਦੀ ਹੈ। ਬੱਚਿਆਂ ਕੋਲ ਸ਼ਾਇਦ ਵਿਹਲ ਨਾ ਹੋਵੇ ਕਿ ਉਹ ਤੁਹਾਡੀ ਡੰਗੋਰੀ ਬਣ ਸਕਣ। ਬਚਪਨ ਵਿਚ ਬਾਪ ਦੀ ਉਂਗਲ ਫੜ ਕੇ ਤੁਰਨਾ ਸਿੱਖਣ ਵਾਲਿਆਂ ਨੂੰ ਹੁਣ ਬੱਚਿਆਂ ਜਾਂ ਅਗਲੀ ਪੀੜ੍ਹੀ ਨੂੰ ਉਂਗਲ ਨਹੀਂ ਫੜਾਉਣੀ। ਆਪਣਾ ਆਸਰਾ ਖ਼ੁਦ ਹੀ ਬਣਨਾ ਪੈਂਦਾ ਹੈ। ਮਾਪਿਆਂ ਦੀ ਸੰਘਣੀ ਛਾਂ ਹੇਠ ਜੇਠ-ਹਾੜ੍ਹ ਦੀਆਂ ਧੁੱਪਾਂ ਨੂੰ ਵੀ ਠਾਰਨ ਵਾਲਿਆਂ ਨੂੰ ਬਜ਼ੁਰਗੀ ਦੀਆਂ ਵਗਣ ਵਾਲੀਆਂ ਲੂਆਂ ਨੂੰ ਜਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਇਸ ਨੂੰ ਸਰਾਪ ਨਹੀਂ ਸਗੋਂ ਜੀਵਨ ਦਾ ਇਕ ਪੜਾਅ ਹੀ ਸਮਝਣਾ ਚਾਹੀਦਾ ਹੈ। ਇਸ ਨੂੰ ਪਾਰ ਕਰਨ ਲਈ ਤਕੜਾ ਹੋਣਾ ਪੈਣਾ ਹੈ।

ਹੁੰਦਲਹੇੜ ਉਮਰ ਵਿਚ ਆਵਾਰਗੀ ਨਾਲ ਮਾਪਿਆਂ ਨੂੰ ਸਤਾਉਣ ਵਾਲੇ ਬਜ਼ੁਰਗੀ ਵਿਚ ਕਿਸ ਨੂੰ ਸਤਾਉਣਗੇ। ਦਰਅਸਲ, ਬੱਚਿਆਂ ਦੀ ਆਪਣੀ ਜ਼ਿੰਦਗੀ, ਆਪਣੇ ਫ਼ਰਜ਼, ਆਪਣੀਆਂ ਤਰਜੀਹਾਂ ਤੇ ਤਮੰਨਾਵਾਂ ਹੁੰਦੀਆਂ ਹਨ, ਉਨ੍ਹਾਂ ਵਿਚ ਖ਼ਲਲ ਨਹੀਂ ਪਾਉਣਾ ਚਾਹੀਦਾ ਸਗੋਂ ਬੱਚਿਆਂ ਨੂੰ ਆਪਣੀ ਜ਼ਿੰਦਗੀ ਜਿਊਣ ਦੇਣੀ ਚਾਹੀਦੀ ਹੈ। ਬੁੱਢੇ ਵਾਰੇ ਆਪਣੇ ਵਿਚਾਰਾਂ ਨੂੰ ਬਦਲਣਾ ਚਾਹੀਦਾ ਹੈ। ਸਮਿਆਂ ਦੇ ਹਾਣੀ ਬਣੋ। ਖ਼ੁਦ ਨੂੰ ਨਵੀਂ ਪੀੜ੍ਹੀ ਦੇ ਹਾਣੀ ਨਹੀਂ ਸਮਝਣਾ ਅਤੇ ਨਾ ਹੀ ਉਹ ਤੁਹਾਡੀ ਸੋਚ ਦੀ ਹਾਣੀ ਹੋ ਸਕਦੀ ਹੈ। ਇਸ ਮੁਤਾਬਿਕ ਹੀ ਆਪਣੀ ਜੀਵਨ-ਜੁਗਤ ਨੂੰ ਸੇਧਤ ਕਰਨ ਦਾ ਟੀਚਾ ਮਿਥਣਾ ਬਿਹਤਰ ਹੈ। ਸਮੇਂ ਅਨੁਸਾਰ ਨਾ ਬਦਲਣ 'ਤੇ ਬਹੁਤ ਹੀ ਮਾਯੂਸ ਤੇ ਉਦਾਸ ਹੋ ਜਾਓਗੇ। ਨਹੀਂ ਤਾਂ ਸਮਾਂ ਤੁਹਾਨੂੰ ਲਿਤਾੜ ਕੇ ਬਹੁਤ ਅੱਗੇ ਲੰਘ ਜਾਵੇਗਾ ਅਤੇ ਪਿੱਛੇ ਰਹਿ ਗਏ ਲੋਕ ਬਹੁਤ ਜਲਦੀ ਬੇਪਛਾਣ ਹੋ ਕੇ ਚੇਤਿਆਂ ਵਿਚੋਂ ਕਿਰ ਜਾਣਗੇ। ਬਜ਼ੁਰਗੀ ਦੌਰਾਨ ਢਲਦੇ ਸੂਰਜ ਵਰਗੇ ਸੁਪਨਿਆਂ ਵਿਚ ਸਿਰਫ਼ ਧੁੰਦਲਕਾ ਹੀ ਬਚਦਾ ਹੈ। ਕੁਝ ਵੀ ਸੰਧੂਰੀ ਜਾਂ ਸੁਨਹਿਰੀ ਨਹੀਂ ਹੁੰਦਾ। ਇਸ ਵਿਚੋਂ ਹੀ ਆਪਣਾ ਰਾਹ ਪਛਾਨਣਾ ਅਤੇ ਜੀਵਨ-ਤੋਰ ਨੂੰ ਜਾਰੀ ਰੱਖਣਾ ਚਾਹੀਦਾ ਹੈ। ਅਜਿਹਾ ਕਰਕੇ ਤੁਸੀਂ ਕਿਸੇ 'ਤੇ ਅਹਿਸਾਨ ਨਹੀਂ ਕਰੋਗੇ ਸਗੋਂ ਤੁਹਾਡੀ ਆਪਣੀ ਜ਼ਿੰਦਗੀ ਸੁਖੀ ਤੇ ਆਸਾਨ ਹੋਵੇਗੀ ਅਤੇ ਮਾਨਸਿਕ ਪੀੜਾ ਵਿਚੋਂ ਨਹੀਂ ਲੰਘਣਾ ਪਵੇਗਾ। ਕਈ ਵਾਰ ਡੁੱਬਦੇ ਸੂਰਜ ਨੂੰ ਤਿੱਤਰਖੰਭੀ ਵੀ ਹੋਰ ਮੱਧਮ ਕਰਦੀ ਹੈ। ਤ੍ਰਿਕਾਲੀਂ ਅੰਬਰ 'ਚ ਗਹਿਰ ਚੜ੍ਹ ਜਾਂਦੀ ਹੈ। ਇਹ ਗਹਿਰ ਸਰੀਰਕ ਅਲਾਮਤਾਂ ਦੇ ਰੂਪ ਵਿਚ ਤੁਹਾਡਾ ਨਸੀਬ ਬਣਦੀ ਹੈ। ਕਈ ਬਿਮਾਰੀਆਂ ਬੁਢਾਪੇ ਵਿਚ ਦਰੀਂ ਦਸਤਕ ਜ਼ਰੂਰ ਦਿੰਦੀਆਂ ਹਨ ਅਤੇ ਤੁਸੀਂ ਇਸ ਤੋਂ ਅਵੇਸਲੇ ਨਹੀਂ ਹੋ ਸਕਦੇ। ਬਚਪਨ ਵਿਚ ਇਕ ਇਕ ਕਰਕੇ ਦੰਦ ਆਉਣ ਅਤੇ ਦਾੜ੍ਹਾਂ ਨਿਕਲਣ ਲੱਗਿਆਂ ਬਹੁਤ ਤਕਲੀਫ਼ ਹੋਈ ਸੀ। ਬੁਢਾਪੇ ਵਿਚ ਦੰਦ ਇਕ ਇਕ ਕਰਕੇ ਜਾਣ ਲੱਗਿਆਂ ਪੀੜ ਵੀ ਦਿੰਦੇ ਹਨ, ਜਬਾੜਾ ਵੀ ਵੀਰਾਨ ਕਰਦੇ ਹਨ ਅਤੇ ਬੋੜਾ ਵੀ ਬਣਾ ਦਿੰਦੇ ਹਨ। ਫਿਰ ਕਿਸੇ ਡੈਂਚਰ ਦੇ ਆਸਰੇ ਹੀ ਬਾਕੀ ਜ਼ਿੰਦਗੀ ਜਿਊਣੀ ਪੈਂਦੀ ਹੈ। ਤੁਹਾਨੂੰ ਯਾਦ ਆਉਂਦਾ ਹੈ ਕਿ ਕਦੇ ਗੰਨੇ ਵੀ ਚੂਪਦੇ ਸੀ ਤੇ ਦਾਣੇ ਵੀ ਚੱਬਦੇ ਸੀ। ਇਸ ਸਭ ਦਾ ਅਫ਼ਸੋਸ ਨਹੀਂ ਮਨਾਉਣਾ ਚਾਹੀਦਾ। ਨਕਲੀ ਦੰਦਾਂ ਨਾਲ ਜੀਵਨ ਸੌਖਾ ਹੁੰਦਾ ਹੋਵੇ ਤਾਂ ਪਿੱਛਲਖੁਰੀ ਝਾਕਣਾ ਨਹੀਂ ਚਾਹੀਦਾ। ਜ਼ਿੰਦਗੀ ਦਾ ਸੂਰਜ ਡੁੱਬਣ ਲੱਗਦਾ ਹੈ ਤਾਂ ਕੋਈ ਤੁਹਾਡੀਆਂ ਉਪਲੱਬਧੀਆਂ, ਰੁਤਬੇ, ਸਮਾਜਿਕ ਦੇਣ ਆਦਿ ਨੂੰ ਉਹ ਸਨਮਾਨ ਨਹੀਂ ਦਿੰਦਾ ਜਿਸ ਦੀ ਤਵੱਕੋ ਪਹਿਲਾਂ ਤੁਹਾਡੇ ਮਨ ਵਿਚ ਹੁੰਦੀ ਸੀ ਤੇ ਮਿਲਦਾ ਸੀ। ਆਪਣੇ ਵੀ ਕਈ ਵਾਰ ਤੁਹਾਨੂੰ ਦੁਰਕਾਰਦੇ ਤੇ ਨਕਾਰਦੇ ਹਨ। ਸਰੀਰਕ ਟੁੱਟ-ਭੱਜ ਦੇ ਨਾਲ ਨਾਲ, ਮਨ ਵਿਚ ਵੀ ਬਹੁਤ ਸਾਰੀ ਟੁੱਟ-ਭੱਜ ਤੇ ਤਿੜਕਣ ਹੁੰਦੀ ਹੈ। ਇਸ ਦੀ ਮੁਰੰਮਤ ਵੀ ਖ਼ੁਦ ਹੀ ਕਰਨੀ ਪੈਂਦੀ ਹੈ। ਕਈ ਵਾਰ ਤਾਂ ਤੁਹਾਡਾ ਦੁੱਖ ਵੰਡਾਉਣ ਵਾਲਾ ਅਤੇ ਤੁਹਾਡੇ ਨਾਲ ਬੀਤੇ ਦੀਆਂ ਬਾਤਾਂ ਸਾਂਝੀਆਂ ਕਰਨ ਵਾਲਾ ਜੀਵਨ ਸਾਥੀ ਵੀ ਸ਼ਾਇਦ ਤੁਹਾਥੋਂ ਪਹਿਲਾਂ ਤੁਰ ਜਾਵੇ। ਅਜਿਹੇ ਵੇਲੇ ਖ਼ੁਦ ਦੀ ਮਜ਼ਬੂਤੀ ਹੀ ਕੰਮ ਆਉਂਦੀ ਹੈ।

ਢਲਦੇ ਪ੍ਰਛਾਵਿਆਂ ਦੀ ਰੁੱਤੇ ਬਲੱਡ ਪ੍ਰੈਸ਼ਰ ਵੀ ਵਧਦਾ, ਕੋਲੈਸਟਰੋਲ ਵੀ ਜ਼ਿਆਦਾ ਹੁੰਦਾ ਹੈ, ਕਦੇ ਦਿਲ ਦੀ ਬਿਮਾਰੀ ਹੋ ਜਾਂਦੀ ਹੈ, ਕਦੇ ਗੋਡੇ ਜਵਾਬ ਦੇ ਜਾਂਦੇ ਹਨ, ਕਦੇ ਬਾਈਪਾਸ ਸਰਜਰੀ, ਕਦੇ ਅੱਖਾਂ ਦਾ ਆਪਰੇਸ਼ਨ ਹੁੰਦਾ ਹੈ ਅਤੇ ਕਦੇ ਹੱਡੀਆਂ ਕਮਜ਼ੋਰ ਹੋਣ ਕਾਰਨ ਕੋਈ ਹੱਡੀ ਜਾਂ ਚੂਲਾ ਆਦਿ ਟੁੱਟ ਜਾਂਦਾ ਹੈ। ਇਉਂ ਤੁਰਨ ਫਿਰਨ ਤੋਂ ਵੀ ਆਵਾਜ਼ਾਰ ਹੋ ਕੇ ਬੈੱਡ ਤੀਕ ਸੀਮਤ ਰਹਿਣਾ ਤੁਹਾਡੇ ਸੁਪਨ-ਸੰਸਾਰ ਨੂੰ ਸੌੜਾ ਤੇ ਸੀਮਤ ਕਰ ਦਿੰਦਾ ਹੈ। ਮਨ ਦੀਆਂ ਭਾਵਨਾਵਾਂ ਅਤੇ ਸੁੱਚੇ ਵਿਚਾਰਾਂ ਨੂੰ ਅੰਬਰੀਂ ਪਰਵਾਜ਼ ਦੇਣ ਨਾਲ ਜੀਵਨ ਦਾ ਆਖ਼ਰੀ ਸਫ਼ਰ ਸੁਖਾਲਾ ਹੋ ਸਕਦਾ ਹੈ। ਜੀਵਨ ਪ੍ਰਛਾਵੇਂ ਬਹੁਤ ਲੰਮੇਰੇ ਹੋ ਜਾਣ 'ਤੇ ਕਿਸੇ ਵੀ ਕਾਰਜ ਵਿਚ ਤੁਹਾਡੀ ਸਲਾਹ ਜਾਂ ਰਾਇ ਨੂੰ ਅਹਿਮੀਅਤ ਨਹੀਂ ਦਿੱਤੀ ਜਾਂਦੀ। ਬੱਚਿਆਂ ਨੂੰ ਖ਼ੁਦ ਫ਼ੈਸਲੇ ਕਰਨ ਦੇਣ ਅਤੇ ਆਪ ਬੇਪਰਵਾਹ ਜ਼ਿੰਦਗੀ ਜਿਊਣ ਨੂੰ ਤਰਜੀਹ ਦੇਣ ਨਾਲ ਹੀ ਜ਼ਿੰਦਗੀ ਸੁਖਾਲੀ ਹੋ ਸਕਦੀ ਹੈ। ਇਉਂ ਇਹ ਅਹਿਸਾਸ ਤੁਹਾਡੀ ਮਾਨਸਿਕ ਪੀੜਾ ਨਹੀਂ ਵਧਾਉਂਦਾ ਕਿ ਵੱਡੇ ਹੋਣ ਨਾਤੇ ਮੇਰੀ ਕੋਈ ਪੁੱਛ-ਗਿੱਛ ਨਹੀਂ, ਮੈਨੂੰ ਕੋਈ ਨਹੀਂ ਸਿਆਣਦਾ ਜਾਂ ਮੇਰੇ ਤਜਰਬਿਆਂ ਤੋਂ ਕੋਈ ਕੁਝ ਨਹੀਂ ਪ੍ਰਾਪਤ ਕਰਦਾ। ਬੱਚੇ ਸਾਡੇ ਤੋਂ ਸਿਆਣੇ ਤੇ ਸਮਝਦਾਰ ਹੁੰਦੇ ਹਨ। ਉਨ੍ਹਾਂ ਦੀਆਂ ਤਰਜੀਹਾਂ, ਤਮੰਨਾਵਾਂ ਅਤੇ ਜੀਵਨ ਢੰਗ ਵੱਖਰੇ ਹੁੰਦੇ ਹਨ। ਬਜ਼ੁਰਗੀ ਜੀਵਨ-ਸ਼ੈਲੀ ਨੂੰ ਬੱਚਿਆਂ 'ਤੇ ਨਹੀਂ ਥੋਪਿਆ ਜਾ ਸਕਦਾ। ਬਜ਼ੁਰਗਾਂ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਤਬਦੀਲੀ ਕੁਦਰਤ ਦਾ ਨਿਯਮ ਹੈ। ਇਸ ਨੂੰ ਮੰਨ ਕੇ, ਇਸ ਅਨੁਸਾਰ ਜੀਵਨ ਤੋਰ ਨੂੰ ਨਿਰਧਾਰਤ ਕਰ ਕੇ ਘੱਟ ਮਾਨਸਿਕ ਪ੍ਰੇਸ਼ਾਨੀਆਂ ਵਿਚੋਂ ਲੰਘਣਾ ਆਸਾਨ ਹੀ ਹੋਵੇਗਾ। ਸੂਰਜ ਡੁੱਬਣ ਕਿਨਾਰੇ ਹੁੰਦਾ ਹੈ ਤਾਂ ਇਹ ਆਪਣੀ ਸਫ਼ ਲਪੇਟਦਾ ਅਤੇ ਰੁਖ਼ਸਤ ਹੋਣ ਦੀ ਕਾਹਲ ਕਰਦਾ ਹੈ। ਉਹ ਬੀਤੇ ਲਈ ਸ਼ੁਕਰਗੁਜ਼ਾਰ ਹੁੰਦਾ ਹੈ। ਇਸ ਲਈ ਬਜ਼ੁਰਗ ਅਵਸਥਾ ਵਿਚ ਖ਼ੁਦ ਨੂੰ ਬੜੇ ਸਹਿਜ, ਸੰਜਮ ਅਤੇ ਸੰਤੋਖ ਨਾਲ ਸਮੇਟਣਾ ਚਾਹੀਦਾ ਹੈ। ਬੀਤੇ ਪਲਾਂ ਦੀਆਂ ਖੁਸ਼ਨੁਮਾ ਯਾਦਾਂ ਦੇ ਦੀਵੇ ਬਾਲ ਕੇ ਖ਼ੁਦ ਨੂੰ ਰੁਸ਼ਨਾਇਆ ਜਾਵੇ। ਬਚਪਨ ਦੀਆਂ ਸ਼ਰਾਰਤਾਂ ਨੂੰ ਚਿੱਤ ਵਿਚ ਕਿਆਸ ਕੇ ਜੀਵਨ ਦੇ ਦੁਖਦ ਪਲ ਵੀ ਸੁਖਦ ਅਹਿਸਾਸਾਂ 'ਚ ਢਲ ਜਾਂਦੇ ਹਨ।

ਬਜ਼ੁਰਗੀ ਦੌਰਾਨ ਕੁਝ ਅਜਿਹੇ ਆਹਰ ਬਣਾਉਣੇ ਚਾਹੀਦੇ ਹਨ ਕਿ ਤੁਹਾਡੀ ਸੋਚ ਅਤੇ ਬਿਰਤੀ ਉਸਾਰੂ ਪਾਸੇ ਲੱਗੇ। ਕੁਝ ਕਰਨ ਤੇ ਨਵਾਂ ਸਿਰਜਣ ਦਾ ਕੋਈ ਰੁਝੇਵਾਂ ਹੋਣਾ ਚਾਹੀਦਾ ਹੈ। ਨਵੀਂ ਪੀੜ੍ਹੀ ਨੂੰ ਕੁਝ ਦੇਣ, ਉਨ੍ਹਾਂ ਨਾਲ ਉਨ੍ਹਾਂ ਵਰਗੀਆਂ ਗੱਲਾਂ ਕਰਨ ਅਤੇ ਉਨ੍ਹਾਂ ਦੇ ਰੰਗ ਵਿਚ ਰੰਗੇ ਜਾਣ ਦਾ ਚਾਅ ਹੋਣਾ ਚਾਹੀਦਾ ਹੈ। ਬੱਚਿਆਂ ਵਿਚ ਬੱਚੇ ਬਣੋਗੇ ਤਾਂ ਨਵੀਂ ਪੀੜ੍ਹੀ ਤੁਹਾਨੂੰ ਅਪਣਾਵੇਗੀ।

ਜਿੰਦ-ਜਾਨ ਨੂੰ ਰੌਸ਼ਨ ਮਾਰਗ ਬਣਾਉਣ, ਯਖ਼ ਪਲਾਂ ਵਿਚ ਕੋਸੀ ਕੋਸੀ ਧੁੱਪ ਤਰੌਂਕਣ ਅਤੇ ਚਾਨਣ ਵਿਚ ਜੀਵਨ ਨੂੰ ਨਵੇਂ ਉਪਨਾਵਾਂ ਅਤੇ ਸਿਰਜਨਾਵਾਂ ਸੰਗ ਲਬਰੇਜ਼ ਕਰਨ ਲਈ ਜ਼ਿੰਦਗੀ ਦੇ ਡੁੱਬਦੇ ਸੂਰਜ ਨੂੰ ਸਲਾਮ ਕਰਨੀ ਚਾਹੀਦੀ ਹੈ। ਡੁੱਬਦਾ ਸੂਰਜ ਹਮੇਸ਼ਾ ਹੀ ਅਨੂਠੀ ਤੋਰ ਤੇ ਆਵੇਸ਼ ਵਿਚ ਹੌਲੀ ਹੌਲੀ ਪੱਛਮ ਵਿਚ ਉਤਰਦਾ ਅਤੇ ਲਾਲ ਭਾਹ ਮਾਰਦਿਆਂ ਲੋਪ ਹੁੰਦਾ ਹੈ। ਕੁਝ ਅਜਿਹਾ ਹੀ ਹਰੇਕ ਬਜ਼ੁਰਗ ਦਾ ਹਾਸਲ ਹੋਵੇ ਤਾਂ ਇਹ ਪਲ ਵੀ ਬਾਦਸ਼ਾਹਤ ਦੀ ਬੁਲੰਦਗੀ ਦੇ ਹੁੰਦੇ ਹਨ। ਡੁੱਬਦੇ ਸੂਰਜ ਨੂੰ ਨਿਹਾਰਨਾ, ਇਸ ਦੇ ਰੰਗਾਂ ਨੂੰ ਦੇਖਣਾ ਕਿੰਨਾ ਸੁੰਦਰ ਜਾਪਦਾ ਹੈ। ਸੁੰਦਰ ਵਿਚਾਰਾਂ, ਸੁੱਚੇ ਖ਼ਿਆਲਾਂ, ਸੁਚੱਜੀ ਜੀਵਨ-ਜਾਚ ਅਤੇ ਸੁਹਾਂਢਣੇ ਅਚਾਰ ਨਾਲ ਸੂਰਜ ਵਾਂਗ ਖ਼ੁਦ ਨੂੰ ਸੋਹਣਾ ਬਣਾਓ। ਅਜਿਹੀ ਸੁੰਦਰਤਾ ਹਰੇਕ ਨੂੰ ਤੁਹਾਡੇ ਵੱਲ ਆਕਰਸ਼ਤ ਕਰੇਗੀ ਅਤੇ ਚਹਿਕਦਾ ਚੌਗਿਰਦਾ ਤੁਹਾਡੀ ਹਾਮੀ ਭਰੇਗਾ। ਮਹਿਕਦੀ ਸ਼ਖ਼ਸੀਅਤ ਅਤੇ ਲਹਿਜੇ ਵਿਚ ਸਲੀਕੇ ਭਰੇ ਬੋਲ ਜੀਵਨ ਯਾਤਰਾ ਦੇ ਆਖ਼ਰੀ ਪੜਾਅ ਨੂੰ ਸੁਖਦ ਕਰਦੇ ਅਤੇ ਜੀਵਨ ਦੀਆਂ ਤੰਗਦਸਤੀਆਂ ਵਿਚ ਖੁੱਲ੍ਹੇਪਣ ਦਾ ਮੁਹਾਂਦਰਾ ਬਣਦੇ ਹਨ। ਆਪਣੀ ਜ਼ਿੰਦਗੀ ਦੇ ਆਖ਼ਰੀ ਪੜਾਅ ਨੂੰ ਬਿਹਤਰੀਨ ਬਣਾਉਣ ਲਈ ਜ਼ਰੂਰੀ ਹੈ ਕਿ ਸਮਾਂ ਮਿਲਣ 'ਤੇ ਹਾਣੀਆਂ ਨਾਲ ਬੀਤੇ ਪਲਾਂ ਨੂੰ ਸਾਂਝਾ ਕਰੋ। ਇਕੱਠਿਆਂ ਚੋਰੀਓਂ ਤੋੜੇ ਬੇਰਾਂ, ਕਿਸੇ ਦੇ ਕਮਾਦ 'ਚੋਂ ਭੰਨੇ ਗੰਨਿਆਂ, ਚਾਰੇ ਪਸ਼ੂਆਂ, ਦਰਿਆਂ ਦੇ ਪਾਣੀ ਵਿਚ ਲਾਈਆਂ ਤਾਰੀਆਂ ਅਤੇ ਖਾਧੇ ਹੋਏ ਗੋਤਿਆਂ ਦੀ ਯਾਦ ਕੁਝ ਸਮੇਂ ਲਈ ਵਰਤਮਾਨ ਨੂੰ ਭੁਲਾ ਦੇਵੇਗੀ। ਫਿਰ ਜਿਊਣਾ ਹੀ ਯਾਦ ਰਹੇਗਾ ਅਤੇ ਪੀੜ 'ਚ ਕਰਾਹੁਣਾ ਜਾਂ ਮੌਤ ਹੀ ਉਡੀਕੀ ਜਾਣਾ ਕੁਝ ਸਮੇਂ ਲਈ ਮੁਲਤਵੀ ਹੋ ਜਾਵੇਗਾ। ਮੌਤ ਦੀ ਉਡੀਕ ਨੂੰ ਮੁਲਤਵੀ ਕਰਨਾ, ਜੀਵਨ ਦੇ ਹਰੇਕ ਪਲ ਨੂੰ ਰੱਜ ਕੇ ਜਿਊਣਾ, ਕੁਦਰਤੀ ਸੁੰਦਰਤਾ ਨੂੰ ਨਿੱਠ ਕੇ ਵਾਚਣਾ ਅਤੇ ਅੰਤਰੀਵੀ ਸੁੰਦਰਤਾ ਦੀ ਅਮੀਰੀ ਵਿਚ ਵਾਧਾ ਕਰਨਾ ਹੀ ਜੀਵਨ ਦਾ ਮੰਤਵ ਹੋ ਜਾਵੇ ਤਾਂ ਜ਼ਿੰਦਗੀ ਦੇ ਖਾਲੀਪਣ ਨੂੰ ਵੀ ਸੁਖਾਲਿਆਂ ਹੀ ਦੂਰ ਕੀਤਾ ਜਾ ਸਕਦਾ ਹੈ। ਜ਼ਿੰਦਗੀ ਦੇ ਆਖ਼ਰੀ ਪੜਾਅ ਵਿਚ ਪਹਿਲਾਂ ਖੁੰਝ ਗਏ ਮੌਕਿਆਂ ਲਈ ਕਦੇ ਉਦਾਸ ਜਾਂ ਮਾਯੂਸ ਨਹੀਂ ਹੋਣਾ ਚਾਹੀਦਾ ਸਗੋਂ ਮਿਲੇ ਮੌਕਿਆਂ, ਮਾਣੇ ਸਾਥਾਂ, ਨਿਭਾਈਆਂ ਦੋਸਤੀਆਂ ਅਤੇ ਮਾਣਮੱਤੀਆਂ ਰਿਸ਼ਤੇਦਾਰੀਆਂ, ਜ਼ਿਕਰਯੋਗ ਜੀਵਨ ਯਾਦਾਂ ਜਾਂ ਜੀਵਨ ਤੋਰ ਨੂੰ ਸੁਚਾਰੂ ਪਾਸੇ ਮੋੜਨ ਵਾਲੀਆਂ ਘਟਨਾਵਾਂ ਜਾਂ ਪਲਾਂ ਨੂੰ ਯਾਦ ਕਰਨਾ ਉਸਾਰੂ ਨਜ਼ਰੀਆ ਹੁੰਦਾ ਹੈ। ਇਹ ਯਾਦਾਂ ਹੀ ਜੀਵਨ ਦੇ ਆਖ਼ਰੀ ਪੜਾਅ ਵਿਚ ਜਿਊਣ ਦਾ ਮੂਲ ਆਧਾਰ ਹੁੰਦੀਆਂ। ਜ਼ਿੰਦਗੀ ਦੇ ਉਨ੍ਹਾਂ ਪਲਾਂ ਨੂੰ ਜ਼ਰੂਰ ਯਾਦ ਕਰਨਾ ਚਾਹੀਦਾ ਹੈ ਜਦੋਂ ਔਕੜਾਂ ਤੋਂ ਉਕਤਾ ਕੇ ਨਿਰਾਸ਼ ਹੋਏ ਸੀ। ਫਿਰ ਵੀ ਨਿਰਾਸ਼ਾ ਨੇ ਦੌਰ ਵਿਚ ਆਸ ਦਾ ਅਜਿਹਾ ਦੀਵਾ ਬਾਲਿਆ ਕਿ ਜੀਵਨ ਵਿਚ ਚਾਨਣ ਹੀ ਚਾਨਣ ਭਰ ਗਿਆ। ਡੁੱਬਦਾ ਸੂਰਜ ਤਾਂ ਆਖ਼ਰੀ ਵੇਲੇ ਵੀ ਲਾਲ-ਸੂਹਾ ਹੋ ਕੇ ਅਲਵਿਦਾ ਕਹਿੰਦਾ ਹੈ। ਤੁਸੀਂ ਵੀ ਖੁਸ਼ਮਿਜ਼ਾਜੀ ਅਤੇ ਹਸਮੁਖ ਅਦਾ ਨਾਲ ਜੀਵਨ ਨੂੰ ਅਲਵਿਦਾ ਕਹੋਗੇ ਤਾਂ ਲੋਕ ਚੇਤਿਆਂ ਵਿਚ ਤੁਹਾਡਾ ਆਖ਼ਰੀ ਰੂਪ ਹੀ ਵਸਿਆ ਰਹੇਗਾ। ਚੇਤੇ ਰੱਖਣਾ! ਲੋਕ ਸਿਰਫ਼ ਤੁਹਾਡੇ ਆਖ਼ਰੀ ਵੇਲੇ ਨੂੰ ਯਾਦ ਕਰਦੇ ਨੇ। ਬੀਤੇ ਸਮੇਂ ਤਾਂ ਜਲਦੀ ਹੀ ਲੋਕ-ਮਨਾਂ ਵਿਚੋਂ ਮਨਫ਼ੀ ਹੋ ਜਾਂਦੇ। ਡੁੱਬਦੇ ਸੂਰਜ ਦੇ ਚਾਨਣ ਨੂੰ ਕੁਝ ਬਦਲੋਟੀਆਂ ਵੀ ਘੱਟ ਕਰਨ ਲਈ ਤਾਣ ਲਾਉਂਦੀਆਂ ਹਨ, ਪਰ ਸੂਰਜ ਹਾਰ ਨਹੀਂ ਮੰਨਦਾ। ਇਸੇ ਤਰ੍ਹਾਂ ਜੀਵਨ ਦੇ ਆਖ਼ਰੀ ਵਕਤ ਸਰੀਰਕ, ਮਾਨਸਿਕ, ਆਰਥਿਕ, ਸਮਾਜਿਕ ਤੇ ਘਰੋਗੀ ਚਿੰਤਾਵਾਂ, ਕਠਿਨਾਈਆਂ ਤੇ ਫ਼ਿਕਰ ਨੇ ਵੀ ਚਾਰੇ ਪਾਸਿਉਂ ਘੇਰਦੇ ਹਨ। ਇਸ ਘੇਰਾਬੰਦੀ ਦੌਰਾਨ ਸਿਰਫ਼ ਤੁਹਾਡੀ ਸ਼ਖ਼ਸੀ ਮਜ਼ਬੂਤ, ਇੱਛਾ ਸ਼ਕਤੀ, ਸਿਰੜ ਅਤੇ ਕਦੇ ਵੀ ਹਾਰ ਨਾ ਮੰਨਣ ਦੀ ਦਲੇਰੀ ਤੇ ਜ਼ਿੰਦਾਦਿਲੀ ਹੀ ਇਸ ਮੰਝਧਾਰ ਵਿਚੋਂ ਪਾਰ ਲੰਘਾ ਸਕਦੀ ਹੈ। ਲੋਕ ਚੜ੍ਹਦੇ ਤੇ ਡੁੱਬਦੇ ਸੂਰਜ ਦੀ ਆਭਾ ਨੂੰ ਨਿਹਾਰਦੇ ਹਨ। ਸੂਰਜ ਤੋਂ ਜ਼ਰੂਰ ਕੁਝ ਸਿੱਖਣਾ ਚਾਹੀਦਾ ਹੈ। ਕਦੇ ਵੀ ਆਪਣੀ ਰੰਗਤ ਨੂੰ ਫਿੱਕਾ ਨਹੀਂ ਪੈਣ ਦੇਣਾ ਚਾਹੀਦਾ। ਦੋਹੀਂ ਹੱਥੀਂ ਖੈਰਾਂ ਵੰਡਦੇ ਅਤੇ ਖਿੜੇ ਚਿਹਰੇ ਨਾਲ ਸੰਸਾਰ ਤੋਂ ਰੁਖ਼ਸਤ ਹੋਣ ਨਾਲ ਤੁਹਾਡੀ ਰੁਖ਼ਸਤਗੀ ਹੋਰਨਾਂ ਲਈ ਸੁਰਖ਼ ਸੁਨੇਹਾ ਹੋਵੇਗੀ। ਇਸ ਰਾਹੀਂ ਅਗਲੀਆਂ ਪੀੜ੍ਹੀਆਂ ਨੂੰ ਕੁਝ ਸਿੱਖਣ ਅਤੇ ਕਿਸੇ ਅਕੀਦੇ ਪ੍ਰਤੀ ਅਰਪਿਤ ਹੋਣ ਦਾ ਸੂਖ਼ਮ ਅਤੇ ਅਰਥ-ਭਰਪੂਰ ਸੁਨੇਹਾ ਮਿਲੇਗਾ। ਜੀਵਨ ਸਫ਼ਰ ਜਦ ਸੂਰਜੀ ਸਫ਼ਰ ਬਣ ਗਿਆ ਤਾਂ ਸਫ਼ਰ ਦੀ ਸਦਉਪਯੋਗੀ ਸੰਪੂਰਨਤਾ ਹੀ ਮਨੁੱਖ ਦਾ ਹਾਸਲ ਹੋਵੇਗਾ।

# ਨੌਜਵਾਨ ਵਰਗ ਦੀ ਸੋਚ ਕਿੱਧਰ ਨੂੰ ਤੁਰੀ

ਗਰਮੀਆਂ ਦੇ ਛੁੱਟੀਆਂ ਦੇ ਦਿਨ ਸਨ। ਗਲੀ ਵਿੱਚ ਖੇਡ ਰਹੇ ਬੱਚੇ ਲਗਾਤਾਰ ਇਹ ਨਾਅਰੇ ਉਚਾਰ ਰਹੇ ਸਨ: ?'ਮਹਾਰਾਜ ਕੀ ਜੈ ਮਹਾਰਾਜ ਕੀ ਜੈ'।' ਸ਼ਾਇਦ ਉਹ ਕਿਸੇ ਟੀਵੀ ਸੀਰੀਅਲ ਦੀ ਨਕਲ ਉਤਾਰ ਰਹੇ ਸਨ। ਕੁਝ ਦੇਰ ਬਾਅਦ ਉਨ੍ਹਾਂ ਨੇ ਆਪਣੀ ਸੂਈ ਬਦਲ ਕੇ ਪੰਜਾਬੀ ਗੀਤਾਂ 'ਤੇ ਧਰ ਲਈ। 'ਦੇਸੀ ਗਰੁੱਪ ਦੇਸੀ ਗਰੁੱਪ'।' ਫਿਰ ਉਨ੍ਹਾਂ ਇੱਕ ਹੋਰ ਗੀਤ ਛੋਹਿਆ। 'ਨਖ਼ਰਾ ਤੇਰਾ ਨੀ ਹਏ ਨਖ਼ਰਾ'। ਫਿਰ ਸਾਰੇ ਉੱਚੀ ਉੱਚੀ ਹੋ-ਹੱਲਾ ਕਰਨ ਲੱਗ ਪਏ। ਮੈਂ ਤੇ ਮੇਰਾ ਦੋਸਤ ਬੈਠਕ 'ਚ ਬੈਠੇ ਕੋਈ ਜ਼ਰੂਰੀ ਗੱਲ ਕਰ ਰਹੇ ਸਾਂ। ਬਾਹਰੋਂ ਬੱਚਿਆਂ ਦੀਆਂ ਆ ਰਹੀਆਂ ਸ਼ੋਰ ਭਰੀਆਂ ਅਵਾਜ਼ਾਂ ਕਾਰਨ ਮੇਰਾ ਧਿਆਨ ਵਾਰ-ਵਾਰ ਉੱਖੜ ਰਿਹਾ ਸੀ। ਹੁਣ ਮੈਥੋਂ ਉਨ੍ਹਾਂ ਦਾ ਸ਼ੋਰ ਹੋਰ ਬਰਦਾਸ਼ਤ ਨਹੀਂ ਹੋ ਰਿਹਾ ਸੀ। ਮੈਂ ਬੈਠਕ ਦਾ ਦਰਵਾਜ਼ਾ ਖੋਲ੍ਹ ਕੇ ਉਨ੍ਹਾਂ ਨੂੰ ਤਾੜਨਾ ਸ਼ੁਰੂ ਕਰ ਦਿੱਤਾ। ਮੈਂ ਅਜੇ ਉਨ੍ਹਾਂ ਨੂੰ ਸ਼ੋਰ ਮਚਾਉਣ ਤੋਂ ਵਰਜ ਹੀ ਰਿਹਾ ਸੀ ਕਿ ਮੇਰੇ ਦੋਸਤ ਨੇ ਮੈਨੂੰ ਵਾਪਸ ਆਉਣ ਦੀ ਆਵਾਜ਼ ਦਿੱਤੀ। ਦੋਸਤ ਨੇ ਕਿਹਾ ਕਿ ਜੋ ਇਨ੍ਹਾਂ ਬੱਚਿਆਂ ਨੂੰ ਪਰੋਸਿਆ ਜਾ ਰਿਹਾ ਹੈ ਇਹ ਉਹੋ ਕੁਝ ਹੀ ਕਰਨਗੇ। ਮੈਂ ਆਪਣੇ ਦੋਸਤ ਦੀ ਇਸ ਗੱਲ ਨਾਲ ਸਹਿਮਤੀ ਭਰੀ। ਸੱਚ ਹੀ ਤਾਂ ਹੈ ਕਿ ਅੱਜ ਅਸੀਂ ਜੋ ਮਾਹੌਲ ਆਪਣੇ ਬੱਚਿਆਂ ਨੂੰ ਦੇ ਰਹੇ ਹਾਂ, ਉਸ ਦਾ ਅਸਰ ਬੱਚਿਆਂ ਦੇ ਮਨਾਂ 'ਤੇ ਪੈਣਾ ਸੁਭਾਵਿਕ ਹੈ। ਨਾਲੇ ਇਹ ਬਾਲ ਇਹ ਫੈਸਲਾ ਕਰਨ ਦੇ ਯੋਗ ਵੀ ਨਹੀਂ ਹੁੰਦੇ ਕਿ ਉਨ੍ਹਾਂ ਲਈ ਕੀ ਠੀਕ ਤੇ ਕੀ ਗਲਤ ਹੋ ਰਿਹਾ ਹੈ।ਮੈਨੂੰ ਆਪਣੇ ਬੱਚਿਆਂ ਦਾ ਚੇਤਾ ਆਇਆ। ਛੁੱਟੀਆਂ 'ਚ ਅਕਸਰ ਉਹ ਸਾਰਾ ਕੰਮ ਛੇਤੀ-ਛੇਤੀ ਨਿਬੇੜਨ ਦੀ ਕੋਸ਼ਿਸ਼ ਕਰਦੇ ਹਨ। ਫਿਰ ਸਾਰਾ ਦਿਨ ਟੀਵੀ ਮੂਹਰੇ ਬੈਠਕੇ ਕਾਰਟੂਨ/ਫਿਲਮਾਂ ਆਦਿ ਵੇਖਦੇ ਰਹਿੰਦੇ ਹਨ। ਮੰਗਣ 'ਤੇ ਟੀਵੀ ਦਾ ਰਿਮੋਟ ਨਾ ਦੇਣ ਦੀ ਜ਼ਿੱਦ 'ਤੇ ਅੜਦੇ ਹਨ। ਲੱਖ ਵਾਰ ਸਮਝਾਉਣ 'ਤੇ ਵੀ ਉਹ ਦਿਨ ਭਰ ਟੀਵੀ ਦੇਖਣਾ ਬੰਦ ਨਹੀਂ ਕਰਦੇ। ਅਨੇਕਾਂ ਵਾਰ ਮੇਰਾ ਆਉਣ-ਜਾਣ ਆਪਣੇ ਦੋਸਤਾਂ/ਮਿੱਤਰਾਂ ਤੇ ਰਿਸ਼ਤੇਦਾਰਾਂ ਦੇ ਘਰ ਵੀ ਹੁੰਦਾ ਹੈ। ਉੱਥੇ ਵੀ ਬੱਚੇ ਅਕਸਰ ਆਪਣਾ ਕੀਮਤੀ ਸਮਾਂ ਟੀਵੀ ਦੀ ਭੇਟ ਚਾੜ੍ਹ ਰਹੇ ਹੁੰਦੇ ਹਨ। ਛੁੱਟੀਆਂ ਦੇ ਦਿਨਾਂ 'ਚ ਅਕਸਰ ਬੱਚੇ ਨਾਨਕਿਆਂ ਨੂੰ ਚਲੇ ਜਾਂਦੇ ਹਨ। ਉੱਥੇ ਕੋਈ ਵੀ ਉਨ੍ਹਾਂ ਨੂੰ ਟੀਵੀ ਮੂਹਰਿਉਂ ਨਹੀਂ ਉਠਾ ਸਕਦਾ।ਮੈਨੂੰ ਆਪਣਾ ਬਚਪਨ ਯਾਦ ਆਉਂਦਾ ਹੈ। ਸਕੂਲ ਤੇ ਘਰ ਦੇ ਕੰਮ ਨਿਬੇੜਨ ਤੋਂ ਬਾਅਦ ਸਾਡੇ ਕੋਲ ਕਿੰਨਾ ਸਾਰਾ ਵਿਹਲਾ ਸਮਾਂ ਬਚ ਜਾਂਦਾ ਸੀ। ਆਥਣ ਵੇਲੇ ਵਿਹਲੇ ਹੋ ਕੇ ਕਈ ਕਈ ਘੰਟੇ ਡੰਡੇ ਨਾਲ ਗੁੱਲੀ ਦੀ ਰੇਲ ਬਣਾਈ ਰੱਖਦੇ ਸਾਂ। ਘੁੱਤੀਆਂ 'ਤੇ ਕਾਬਜ਼ ਹੋਣ ਲਈ ਕੱਚ ਦੀਆਂ ਗੋਲੀਆਂ ਨਾਲ ਜੇਬਾਂ ਭਰੀ ਰੱਖਦੇ ਸਾਂ। ਡੰਡ ਪਲੰਘਾ, ਲੁਕਣ ਮੀਟੀ, ਲੋਹਾ-ਲੱਕੜ ਵਰਗੀਆਂ ਕਿੰਨੀਆਂ ਹੀ ਦੇਸੀ ਖੇਡਾਂ ਖੇਡਦਿਆਂ ਪਤਾ ਹੀ ਨਾ ਲੱਗਦਾ ਕਿ ਕਦੋਂ ਰਾਤ ਪੈ ਜਾਂਦੀ ਸੀ। ਖੇਡਾਂ ਦੌਰਾਨ ਹੋਣ ਵਾਲੀ ਸਰੀਰਕ ਮੁਸ਼ੱਕਤ ਕਾਰਨ ਏਨੀ ਕੁ ਥਕਾਵਟ ਵੀ ਹੋ ਜਾਂਦੀ ਸੀ ਕਿ ਮੰਜੇ 'ਤੇ ਡਿਗਦਿਆਂ ਪਤਾ ਨਹੀਂ ਕਿਹੜੇ ਵੇਲੇ ਨੀਂਦ ਦੀ ਗੋਦ ਵਿੱਚ ਚਲੇ ਜਾਂਦੇ। ਦਿਨ ਚੜ੍ਹੇ ਦਾ ਉਦੋਂ ਪਤਾ ਚਲਦਾ ਜਦੋਂ ਘਰਦੇ ਉੱਠ ਕੇ ਚਾਹ ਪੀਣ ਦੀਆਂ ਆਵਾਜ਼ਾਂ ਦੇ ਰਹੇ ਹੁੰਦੇ ਸਨ। ਅੱਜ ਦੇ ਸੰਦਰਭ ਵਿੱਚ ਮੈਨੂੰ ਤਰਕਸ਼ੀਲ ਮੇਲੇ ਦੌਰਾਨ ਵਾਪਰੀ ਉਹ ਘਟਨਾ ਵੀ ਯਾਦ ਆਉਂਦੀ ਹੈ ਜਦੋਂ ਮੇਲੇ ਦੌਰਾਨ ਲੋਕ ਗਾਇਕ ਉਸਾਰੂ ਗੀਤ ਸੰਗੀਤ ਦੀ ਪੇਸ਼ਕਾਰੀ ਕਰ ਰਹੇ ਸਨ। ਇਸੇ ਦੌਰਾਨ ਚਾਰ ਪੰਜ ਨੌਜਵਾਨ ਸਟੇਜ ਦੇ ਨੇੜੇ ਚਲੇ ਗਏ। ਉੱਥੇ ਉਨ੍ਹਾਂ ਨੇ ਬੋਲੀਆਂ ਦੀ ਤਰਜ਼ 'ਤੇ ਨੱਚਣਾ ਸ਼ੁਰੂ ਕਰ ਦਿੱਤਾ। ਪ੍ਰਬੰਧਕਾਂ ਨੇ ਇਸ ਦਾ ਤਿੱਖਾ ਨੋਟਿਸ ਲੈਂਦਿਆਂ ਉਨ੍ਹਾਂ ਨੂੰ ਉੱਥੋਂ ਭਜਾ ਦਿੱਤਾ। ਸ਼ਾਇਦ ਨੌਜਵਾਨਾਂ ਨੇ ਕੋਈ ਨਸ਼ਾ ਆਦਿ ਵੀ ਕੀਤਾ ਹੋਊ। ਫਿਰ ਮਨ 'ਚ ਸਵਾਲ ਪੈਦਾ ਹੋਇਆ ਕਿ ਇਹ ਨੌਜਵਾਨ ਉਹੀ ਕਰਨਗੇ ਜੋ ਇਹ ਨਿੱਤ ਦਿਨ ਪੈਲਿਸਾਂ ਵਿੱਚ ਤੇ ਟੈਲੀਵਿਜ਼ਨ 'ਤੇ ਵੇਖਦੇ ਹਨ। ਇਨ੍ਹਾਂ ਨੂੰ ਕੀ ਪਤਾ ਕਿ ਤਰਕਸ਼ੀਲ ਪ੍ਰੋਗਰਾਮ ਲੋਕਾਂ ਨੂੰ ਕੀ ਸੇਧ ਦੇ ਰਹੇ ਹਨ? ਇਹ ਨੌਜਵਾਨ ਤਾਂ ਨਿਜ਼ਾਮ ਦੀ ਪੁੱਠੀ ਗਿੜ ਰਹੀ ਚੱਕੀ ਵਿੱਚ ਹੂ-ਬ-ਹੂ ਪਿਸ ਰਹੇ ਹਨ। ਬਾਜ਼ਾਰ ਵਿੱਚੋਂ ਲੰਘ ਰਿਹਾ ਹਾਂ। ਕੁਝ ਮਨਚਲੇ ਨੌਜਵਾਨ ਵੇਖਦਾ ਹਾਂ। ਹੱਥ ਵਿੱਚ ਮਰੋੜ ਕੇ ਫੜੀ ਹੋਈ ਕਾਪੀ, ਕੰਨਾਂ ਵਿੱਚ ਈਅਰਫੋਨ ਅੜੁੰਗੇ ਤੇ ਆਪਣੀ ਹੀ ਮਸਤੀ ਵਿੱਚ ਝੂੰਮਦੇ ਜਾ ਰਹੇ ਹਨ। ਕੋਈ ਪਤਾ ਨਹੀਂ ਕਿ ਕੋਈ ਪਿੱਛੋਂ ਉਨ੍ਹਾਂ ਤੋਂ ਰਸਤਾ ਛੱਡਣ ਦੀ ਮੰਗ ਕਰ ਰਿਹਾ ਹੈ। ਜੇ ਉਹ ਮੋਟਰ ਸਾਈਕਲਾਂ 'ਤੇ ਸਵਾਰ ਹਨ ਫੇਰ ਤਾਂ ਸੜਕਾਂ 'ਤੇ ਹੋਣ ਵਾਲਾ ਟਰੈਫਿਕ ਉਨ੍ਹਾਂ ਲਈ ਕੋਈ ਮਾਅਨੇ ਨਹੀਂ ਰੱਖਦਾ। ਭੀੜ ਵਿੱਚੋਂ ਦੀ ਵੀ ਹਨੇਰੀ ਵਾਂਗ ਆਪਣੇ ਘੈਂਟੇ-ਮੈਂਟੇ (ਬਿਨਾਂ ਨੰਬਰ ਪਲੇਟ ਤੇ ਮੱਡਗਾਰਡ ਦੇ) ਮੋਟਰ ਸਾਈਕਲਾਂ ਨੂੰ ਭਜਾ ਕੇ ਭੀੜ ਨੂੰ ਚੀਰਦੇ ਹੋਏ ਲੰਘਦੇ ਹਨ। ਸ਼ਹਿਰ ਦੀ ਇੱਕ ਘਟਨਾ ਯਾਦ ਆਈ। ਭੀੜ-ਭੜੱਕੇ ਵਾਲਾ ਰਸਤਾ ਹੈ। ਦੁਕਾਨਾਂ ਮੂਹਰੇ ਵਾਹਨਾਂ ਦੀ ਪਾਰਕਿੰਗ ਕਾਰਨ ਲੰਘਣ ਦੀ ਸਮੱਸਿਆ ਹੋਰ ਵੀ ਵਧੀ ਹੋਈ ਹੈ। ਇੱਕ ਰਿਕਸ਼ੇ ਵਾਲਾ ਕਿਸੇ ਬਜ਼ੁਰਗ ਔਰਤ ਨੂੰ ਰਿਕਸ਼ੇ 'ਤੇ ਬਿਠਾ ਕੇ ਲਿਜਾ ਰਿਹਾ ਹੈ। ਅੱਗੋਂ ਇੱਕ ਮੋਟਰ ਸਾਈਕਲ 'ਤੇ ਤਿੰਨ ਨੌਜਵਾਨ ਸਵਾਰ ਹੋ ਕੇ ਆ ਰਹੇ ਹਨ। ਤਿੰਨਾਂ ਦੇ ਸਿਰ ਦੇ ਵਾਲ ਸੇਹ ਦੇ ਤੱਕਲੇ ਵਾਂਗ ਉਤਾਂਹ ਨੂੰ ਖੜ੍ਹੇ ਹਨ। ਮੋਟਰ ਸਾਈਕਲ ਦਾ ਹਾਰਨ ਲਗਾਤਾਰ ਵੱਜ ਰਿਹਾ ਹੈ। ਮੋਟਰ ਸਾਈਕਲ ਰਿਕਸ਼ਾ ਚਾਲਕ ਦੇ ਬਿਲਕੁਲ ਸਾਹਮਣੇ ਲਿਆ ਇੰਨੇ ਜ਼ੋਰ ਨਾਲ ਬਰੇਕ ਮਾਰਦੇ ਹਨ ਕਿ ਡਿਗਦੇ ਡਿਗਦੇ ਮਸਾਂ ਹੀ ਬਚਦੇ ਹਨ। ਰਿਕਸ਼ਾ ਲੰਘਾਉਣ ਲਈ ਬਿਲਕੁਲ ਥਾਂ ਨਹੀਂ ਰਹਿੰਦੀ। ਜਾਮ ਲੰਬਾ ਹੁੰਦਾ ਜਾ ਰਿਹਾ ਹੈ। ਰਿਕਸ਼ਾ ਚਾਲਕ ਉਨ੍ਹਾਂ ਨੂੰ ਮੋਟਰ ਸਾਈਕਲ ਥੋੜ੍ਹਾ ਪਿੱਛੇ ਨੂੰ ਕਰਨ ਲਈ ਆਖਦਾ ਹੈ ਤਾਂ ਕਿ ਉਸ ਨੂੰ ਰਿਕਸ਼ਾ ਲੰਘਾਉਣ ਲਈ ਰਸਤਾ ਮਿਲ ਜਾਵੇ। ਨੌਜਵਾਨ ਅੜ ਜਾਂਦੇ ਹਨ ਤੇ ਆਖਦੇ ਹਨ, "ਇਹ ਮਿੱਤਰਾਂ ਦਾ ਬੈਂਬੂਕਾਟ ਐ, ਇਹ ਤਾਂ 'ਗਾਂਹ ਨੂੰ ਈ ਜਾਂਦੈ, ਪਿਛਾਂਹ ਨੂੰ ਨੀ ਮੁੜਦਾ। ਪਰੇ ਕਰ 'ਲਾ ਆਪਣਾ ਟੁੱਟਿਆ 'ਜਾ ਰਿਕਸ਼ਾ।" ਟਰੈਫਿਕ ਪੁਲੀਸ ਵਾਲਾ ਵੀ ਪਹੁੰਚ ਗਿਆ। "ਕਾਕਿਆਂ" ਨੇ ਉਸ ਨੂੰ ਵੀ ਅੱਖਾਂ ਵਿਖਾਉਣੀਆਂ ਸ਼ੁਰੂ ਕਰ ਦਿੱਤੀਆਂ। ਭੀੜ-ਭੜੱਕਾ ਵਧਦਾ ਜਾ ਰਿਹਾ ਸੀ। ਆਖ਼ਰ ਰਿਕਸ਼ੇ 'ਤੇ ਬੈਠੀ ਮਾਈ ਦਾ ਸਬਰ ਦਾ ਪਿਆਲਾ ਟੁੱਟ ਗਿਆ। ਮਾਈ ਨੇ ਆਪਣਾ ਰੰਗ ਵਿਖਾਇਆ। ਮਾਈ ਦੇ ਸਿੱਧੇ-ਸਾਦੇ ਤੇ ਲੋਹੇ-ਲਾਖੇ ਬੋਲ ਸੁਣ ਕੇ ਉਹ ਨੌਜਵਾਨ ਮੋਟਰ ਸਾਈਕਲ ਸਮੇਤ ਉੱਥੋਂ ਖਿਸਕ ਗਏ।ਮਨ ਵਿਚ ਸੋਚਿਆ ਕਿ ਆਖਰ ਕੀ ਚਾਹੁੰਦਾ ਹੈ, ਅਜੋਕਾ ਨੌਜਵਾਨ ਵਰਗ। ਕਦੇ ਉਸ ਅੰਦਰ ਡਲਕਾਂ ਮਾਰਨ ਵਾਲੀ ਉਹ 'ਭਗਤ-ਸਰਾਭੇ' ਵਾਲੀ ਉਸਾਰੂ ਸੋਚ ਖ਼ਬਰੇ ਲਾਂਭੇ ਕਿੱਧਰ ਉੱਡ ਗਈ। ਹੁਣ ਮੈਨੂੰ ਇਹ ਚਿੰਤਾ ਵੀ ਹੈ ਕਿ ਕਿਧਰੇ ਮੈਂ ਵੀ 'ਮਾਪੇ' ਹੋਣ ਦੇ ਆਪਣੇ ਫ਼ਰਜ਼ ਨੂੰ ਸਹੀ ਢੰਗ ਨਾਲ ਨਿਭਾਅ ਰਿਹਾ ਹਾਂ ਕਿ ਨਹੀਂ? ਕਿਤੇ ਮੈਂ ਇਨ੍ਹਾਂ ਫ਼ਰਜ਼ਾਂ ਨੂੰ ਵਿਸਾਰ ਤਾਂ ਨਹੀਂ ਰਿਹਾ?

# ਕਿਉਂ ਵਧ ਰਹੀ ਹੈ ਜੁਰਮਾਂ ਦੀ ਤਾਦਾਦ ?

ਵੈਸੇ ਤਾਂ ਸਦੀਆਂ ਤੋਂ ਹੀ ਲੋਕਾਂ ਦੀ ਆਪਸੀ ਰੰਜ਼ਿਸ਼ ਦੇ ਕਾਰਨ ਜ਼ਰ, ਜ਼ੋਰੂ ਤੇ ਜ਼ਮੀਨ ਹੀ ਮੰਨੇ ਜਾਂਦੇ ਰਹੇ ਨੇ, ਜਿਸ ਕਾਰਨ ਲੋਕ ਇਕ-ਦੂਜੇ ਦੇ ਖ਼ੂਨ ਦੇ ਪਿਆਸੇ ਬਣਦੇ ਹਨ, ਪਰ ਪਿਛਲੇ ਕੁਝ ਸਾਲਾਂ ਤੋਂ ਤਾਂ ਪਤਾ ਨਹੀਂ ਕਿਸ ਚੰਦਰੇ ਦੀ ਨਜ਼ਰ ਲਗ ਗਈ ਹੈ ਕਿ ਜੱਦੀ ਜਾਇਦਾਦਾਂ ਦੀ ਵੰਡ ਨੇ ਭਰਾਵਾਂ, ਪੁੱਤਰਾਂ ਤੇ ਹੋਰ ਨਜ਼ਦੀਕੀਆਂ ਦੇ ਖ਼ੂਨ ਹੀ ਚਿੱਟੇ ਕਰ ਦਿੱਤੇ ਨੇ। ਉੱਪਰੋਂ ਸੂਚਨਾ ਕਰਾਂਤੀ ਦੇ ਮਾਰੂ ਅਸਰ ਕਾਰਨ ਪਨਪਦੇ ਨਜਾਇਜ਼ ਰਿਸ਼ਤੇ ਤੇ ਨੌਜੁਆਨਾਂ 'ਤੇ ਪੈ ਰਹੇ ਪੱਛਮੀ ਸੱਭਿਅਤਾ ਵਾਲੀ ਨਿੱਜੀ ਆਜ਼ਾਦੀ ਦੇ ਪ੍ਰਭਾਵ ਅਧੀਨ ਮਾਪਿਆਂ ਤੋਂ ਬਾਗੀ ਹੋ ਕੇ ਵਿਆਹ-ਸ਼ਾਦੀਆਂ ਦੇ ਰੂਪ ਵਿਚ ਸਿਰੇ ਲਾਈ ਜਾ ਰਹੀ ਮਿੱਤਰਤਾ ਕਾਰਨ ਪੈਦਾ ਹੁੰਦੇ ਵਿਵਾਦ ਤੇ ਰੰਜ਼ਿਸ਼ਾਂ ਨੇ ਵੀ ਇਸ ਮਾੜੇ ਰੁਝਾਨ ਨੂੰ ਤੇਜ਼ ਕੀਤਾ ਹੈ। ਬੇਸ਼ੱਕ ਅਜਿਹੇ ਵਰਤਾਰੇ 'ਤੇ ਸਮਾਜਿਕ ਥੂਹ-ਥੂਹ ਵੀ ਹੁੰਦੀ ਹੈ, ਪਰ ਅਸਰ ਕੁਝ ਨਹੀਂ ਹੁੰਦਾ। ਸਮਾਜਿਕ ਵਰਤਾਰਾ ਹੀ ਅਜਿਹਾ ਬਣ ਗਿਆ ਹੈ ਕਿ ਦੂਜੇ ਦੇ ਘਰ ਲੱਗੀ ਅੱਗ ਦਾ ਸੇਕ ਲੱਗਣ ਦੀ ਥਾਂ ਨਿੱਘ ਮਹਿਸੂਸ ਕਰਦੇ ਹੋਏ ਅਸੀਂ ਇਹ ਵੀ ਭੁੱਲ ਜਾਈਦੈ ਕਿ ਅਜਿਹੀ ਅੱਗ ਕਿਸੇ ਵੀ ਰੂਪ ਵਿਚ, ਕਿਸੇ ਵੇਲੇ ਸਾਡੇ ਘਰ ਦੀ ਮਾਣ-ਮਰਿਆਦਾ ਨੂੰ ਵੀ ਸਵਾਹ ਕਰ ਸਕਦੀ ਹੈ। ਪਿਛਲੇ ਦਿਨਾਂ ਵਿਚ ਅਨੇਕਾਂ ਘਟਨਾਵਾਂ ਅਜਿਹੀਆਂ ਵਾਪਰੀਆਂ ਹਨ, ਜਿਨ੍ਹਾਂ ਵਿਚ ਉਕਤ ਜਾਇਦਾਦ ਜਾਂ ਨਜਾਇਜ਼ ਰਿਸ਼ਤੇ ਹੀ ਕਤਲਾਂ ਦਾ ਕਾਰਨ ਬਣੇ। ਉਕਤ ਮਾੜੇ ਰੁਝਾਨ ਦੀਆਂ ਪਰਤਾਂ ਖੋਲ੍ਹਦਿਆਂ ਪਤਾ ਲਗਦੈ ਕਿ ਬੇਸ਼ੱਕ ਅਜਿਹੀਆਂ ਮੰਦੀਆਂ ਘਟਨਾਵਾਂ 'ਚੋਂ ਇਕ ਕਾਰਨ ਜ਼ਰ, ਜ਼ੋਰੂ, ਜ਼ਮੀਨ ਸਦੀਆਂ ਤੋਂ ਹੁੰਦਾ ਰਿਹਾ ਹੈ, ਪਰ ਇਸ ਵਿਚ ਤੇਜ਼ੀ ਆਉਣ ਦੇ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਨਸ਼ੇ, ਕਿਸਾਨਾਂ ਦੀ ਮੰਦੀ ਆਰਥਿਕਤਾ, ਬਚਪਨ ਦੌਰਾਨ ਮਾਪਿਆਂ ਵਲੋਂ ਸਿਖਾਏ ਜਾਣ ਵਾਲੇ ਚੱਜ-ਅਚਾਰ ਦੀ ਘਾਟ ਤੇ ਰਿਸ਼ਤਿਆਂ ਦੇ ਮੋਹ ਦੀਆਂ ਤੰਦਾਂ ਦੀ ਮਜ਼ਬੂਤੀ ਲਈ ਸੁਣਾਈਆਂ ਜਾਣ ਵਾਲੀਆਂ ਦਾਦੀ-ਨਾਨੀ ਦੀਆਂ ਕਹਾਣੀਆਂ, ਵਿਕਸਿਤ ਹੋਏ ਸੰਚਾਰ ਸਾਧਨਾਂ ਰਾਹੀਂ ਦੂਰ ਬੈਠੇ ਕਿਸੇ ਆਪਣੇ ਜਾਂ ਅਣਜਾਣ ਨਾਲ ਤੁਰੰਤ ਸੰਪਰਕ ਸਾਧ ਸਕਣ ਦੀ ਸਹੂਲਤ, ਮਾਰਧਾੜ ਵਾਲੀਆਂ ਫਿਲਮਾਂ 'ਚ ਦਿਖਾਏ ਜਾਂਦੇ ਜੁਰਮ ਤੇ ਕਾਮੁਕ ਦ੍ਰਿਸ਼ ਤੇ ਅਜਿਹਾ ਕਰਨ ਦੀਆਂ ਤਰਕੀਬਾਂ, ਬੇਰੁਜ਼ਗਾਰੀ ਕਾਰਨ ਕੱਟ-ਵੱਢ ਨੂੰ ਪੇਸ਼ਾ ਬਣਾਉਣਾ, ਅੱਗੇ ਵਧਣ ਦੀ ਹੋੜ ਵਿਚ ਦੂਜੇ ਨੂੰ ਪਿੱਛੇ ਕਰਨ ਦੇ ਕੋਝੇ ਯਤਨ ਅਤੇ ਕਈ ਵਾਰ ਅੱਤ ਦੀ ਸਿਖਰ ਨੂੰ ਛੂਹ ਰਿਹਾ ਭ੍ਰਿਸ਼ਟਾਚਾਰ ਵੀ ਉਪਰ ਵਰਗੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੋ ਨਿੱਬੜਦਾ ਹੈ। ਉਪਰੋਂ ਸਿਤਮ ਜ਼ਰੀਫ਼ੀ ਇਹ ਕਿ ਪੈਸੇ ਅੱਗੇ ਕਨੂੰਨ ਵੀ ਬੌਣਾ ਹੋਣ ਲੱਗਾ ਹੈ, ਇਨਸਾਫ਼ ਵਿਕਣ ਲਗ ਪਿਆ ਹੈ। ਅਜਿਹੀ ਚਿੰਤਾਜਨਕ ਸਥਿਤੀ ਤੇ ਸ਼ਰਮਨਾਕ ਸਮਾਜਿਕ ਵਰਤਾਰੇ 'ਚ ਵਾਧੇ ਦੇ ਰੁਝਾਨ 'ਤੇ ਵੀ ਕਈ ਲੋਕਾਂ ਨੂੰ ਵਿਸ਼ਵਾਸ ਹੈ ਕਿ ਫਿਰ ਭਲੇ ਦਿਨ ਆਵਣਗੇ, ਪਰ ਸਮਾਜਿਕ ਚੇਤਨਾ ਨੂੰ ਉਭਾਰੇ ਜਾਣ ਦੀਆਂ ਕੋਸ਼ਿਸ਼ਾਂ ਤੋਂ ਬਾਅਦ, ਜਿਸ ਲਈ ਸਮੁੱਚੇ ਪੰਜਾਬੀਆਂ ਨੂੰ ਚੌਕਸ ਰੂਪ ਵਿਚ ਯਤਨ ਕਰਨੇ ਪੈਣਗੇ। ਵਿਦੇਸ਼ੀ ਸਿੱਖਿਆ ਦੀ ਤਰਜ਼ 'ਤੇ ਨਿੱਜੀ ਸਕੂਲਾਂ ਵਿਚ ਕਰਵਾਈ ਜਾਂਦੀ ਪੜ੍ਹਾਈ ਦੌਰਾਨ ਸਮਾਜਿਕ ਸਿੱਖਿਆ ਵਾਲੇ ਵਿਸ਼ੇ ਵਿਚ ਅਜਿਹੀਆਂ ਬੁਨਿਆਦੀ ਸੋਧਾਂ ਕਰਨ ਦੀ ਲੋੜ ਹੈ, ਜਿਸ ਨਾਲ ਬੱਚਿਆਂ ਦੇ ਚੰਚਲ ਮਨਾਂ ਉਤੇ ਅਮੀਰ ਪੰਜਾਬੀ ਸੱਭਿਆਚਾਰ ਦੀਆਂ ਸਮਾਜਿਕ ਤੇ ਪਰਿਵਾਰਕ ਪ੍ਰੰਪਰਾਵਾਂ ਨੂੰ ਉਕਰ ਦਿੱਤਾ ਜਾਵੇ ਤਾਂ ਕਿ ਵੱਡੇ ਹੋ ਕੇ ਉਨ੍ਹਾਂ ਦੀ ਚੰਚਲ, ਸੰਵੇਦਨਸ਼ੀਲ ਤੇ ਵਕਤੀ ਇੱਛਾ-ਸ਼ਕਤੀ ਵਲੋਂ ਉਪਜਾਏ ਗਏ ਮੰਦੇ ਵਿਚਾਰ ਪੈਦਾ ਹੁੰਦੇ ਹੀ, ਉਨ੍ਹਾਂ ਦੇ ਚੌਕਸ ਦਿਮਾਗ ਵਿਚ ਪਹਿਲਾਂ ਤੋਂ ਘਰ ਕਰੀ ਬੈਠੀ ਖ਼ਬਰਦਾਰ ਕਰਨ ਵਾਲੀ ਸੋਚ ਦੀਆਂ ਦਲੀਲਾਂ ਅੱਗੇ ਹਥਿਆਰ ਸੁੱਟ ਦੇਣ। ਨਵੀਆਂ ਤਕਨੀਕਾਂ ਮਾੜੀਆਂ ਨਹੀਂ, ਪਰ ਉਨ੍ਹਾਂ ਦੀ ਦੁਰਵਰਤੋਂ ਮਾੜੀ ਹੈ, ਸਾਨੂੰ ਇਸ ਪੱਖੋਂ ਸੁਚੇਤ ਹੋਣ ਦੀ ਲੋੜ ਹੈ ਤੇ ਇਸ ਨੂੰ ਬੱਚਿਆਂ ਦੇ ਮਨਾਂ ਦੀ ਸਲੇਟ 'ਤੇ ਉਕਰਨ ਦੀ ਲੋੜ ਹੈ। ਵਿਗੜ ਚੁੱਕੇ ਸਰਕਾਰੀ ਪ੍ਰਬੰਧ ਵਿਚ ਵੀ ਸੁਧਾਰ ਦਾ ਮੋੜਾ ਪਾ ਕੇ ਕਤਲਾਂ ਤੇ ਜੁਰਮਾਂ ਦੇ ਰੁਝਾਨ ਨੂੰ ਠੱਲ੍ਹ ਪਾਈ ਜਾਣ ਦੀ ਸੰਭਾਵਨਾ ਅਕਸਰ ਪ੍ਰਗਟਾਈ ਜਾਂਦੀ ਹੈ। ਪੰਜਾਬ ਵਿਚੋਂ ਕੰਮ ਦਾ ਸੱਭਿਆਚਾਰ ਹੀ ਅਲੋਪ ਹੁੰਦਾ ਜਾ ਰਿਹਾ ਹੈ, ਇਸ ਨੂੰ ਬਹਾਲ ਕਰਨ ਦੀ ਵੱਡੀ ਲੋੜ ਹੈ ਤੇ ਜੇਕਰ ਸਾਡੇ ਲੋਕ ਅਜਿਹਾ ਕਰਨ ਵਿਚ ਸਫਲ ਹੋ ਜਾਣ ਤਾਂ ਸਾਨੂੰ ਜੋਕਾਂ ਵਾਂਗ ਚੰਬੜੀਆਂ ਕਈ ਤਰ੍ਹਾਂ ਦੀਆਂ ਸਰੀਰਕ ਤੇ ਸਮਾਜਿਕ ਬਿਮਾਰੀਆਂ ਆਪਣੇ-ਆਪ ਹੀ ਖ਼ਤਮ ਹੋ ਜਾਣਗੀਆਂ। ਸਰਕਾਰੀ ਤੇ ਨਿੱਜੀ ਨੌਕਰੀਆਂ ਦੇ ਮਿਹਨਤਾਨੇ ਵਿਚ ਪੈਦਾ ਹੋਇਆ ਵੱਡਾ ਖੱਪਾ ਵੀ ਘਟਾਉਣ ਦੀ ਲੋੜ ਹੈ। ਜਿੰਨੀ ਤਨਖਾਹ ਵਿਚ ਸਰਕਾਰੀ ਮੁਲਾਜ਼ਮ ਕੋਈ ਕੰਮ ਅਧਮੰਨੇ ਜਿਹੇ ਢੰਗ ਨਾਲ ਕਰ ਰਿਹਾ ਹੁੰਦੈ, ਉਸੇ ਕੰਮ ਨੂੰ ਨਿੱਜੀ ਕੰਪਨੀ ਦਾ ਕਾਮਾ ਚੌਥਾ ਹਿੱਸਾ ਮਿਹਨਤਾਨਾ ਲੈ ਕੇ ਵੀ ਪੂਰੀ ਤਨਦੇਹੀ ਨਾਲ ਕਰ ਰਿਹਾ ਹੁੰਦੈ। ਘਰਾਂ ਵਿਚ ਹੀ ਅਜਿਹੇ ਮਨੋਰੰਜਕ ਤੇ ਰੁਮਾਂਚਕ ਮਹੌਲ ਸਿਰਜ ਕੇ ਅਸੀਂ ਆਪਣਾ ਧਿਆਨ ਹੋਟਲਾਂ-ਕਲੱਬਾਂ ਤੇ ਹੋਰ ਮਨੋਰੰਜਨ ਸਾਧਨਾਂ ਵਲੋਂ ਹਟਾ ਸਕਦੇ ਹਾਂ। ਪ੍ਰੇਮ ਨੂੰ ਇਸ ਦੀ ਅਸਲੀ ਭਾਵਨਾ ਤੱਕ ਸੀਮਤ ਰੱਖਿਆ ਜਾਏ। 'ਪਿਆਰ ਕਬਜ਼ਾ ਨਹੀਂ ਪਹਿਚਾਨ ਹੈ', ਵਾਲੀ ਸਿੱਖਿਆ ਮਨ ਦੇ ਕਿਸੇ ਕੋਨੇ ਵਿਚ ਸਾਂਭ ਰੱਖੀ ਜਾਏ। ਘਰਾਂ ਦੇ ਸੌਣ ਕਮਰਿਆਂ ਵਿਚ ਅਸ਼ਲੀਲ ਤਸਵੀਰਾਂ ਦੀ ਬਜਾਏ ਪ੍ਰੇਰਕ ਸਬਕ ਦਿੰਦੇ ਪੋਸਟਰ ਮਨਾਂ 'ਤੇ ਚੰਗਾ ਪ੍ਰਭਾਵ ਛੱਡਦੇ ਨੇ ਤੇ ਲੇਖਕ ਦਾ ਆਪਣਾ ਅਨੁਭਵ ਹੈ ਕਿ ਬਹੁਤੀ ਵਾਰ ਡੋਲਦੇ ਮਨ ਨੂੰ ਸੰਭਲਣ ਦਾ ਸਾਧਨ ਬਣਦੇ ਹਨ। ਇਹ ਵਿਚਾਰ ਬਹੁਤੀ ਵਾਰ ਨਿਰਾਸ਼ਤਾ ਦੇ ਸਮੁੰਦਰ ਵਿਚੋਂ ਕੱਢ ਕੇ ਸਫਲਤਾ ਦੇ ਰਸਤੇ ਪਾ ਦਿੰਦੇ ਹਨ ਤੇ ਖੁਦਕੁਸ਼ੀ ਬਾਰੇ ਸੋਚ ਰਹੇ ਵਿਅਕਤੀ ਨੂੰ ਉਸ ਦੀ ਸੰਸਾਰਕ ਯਾਤਰਾ ਦਾ ਮਕਸਦ ਸਮਝਾ ਕੇ ਦ੍ਰਿੜ੍ਹ ਇਰਾਦੇ ਨਾਲ ਮੰਜ਼ਿਲ ਦਾ ਜੇਤੂ ਬਣਾ ਦਿੰਦੇ ਹਨ। ਵਕਤੀ ਨਸ਼ਿਆਂ ਦੀ ਥਾਂ ਬਾਬਾ ਨਾਨਕ ਵਲੋਂ ਦਰਸਾਈ ਨਾਮ (ਚੰਗਿਆਈਆਂ) ਵਾਲੀ ਖੁਮਾਰੀ ਦੇ ਨਸ਼ੇ ( ਰੰਗ) ਵਿਚ ਆਪਣੇ ਆਪ ਨੂੰ ਲਿਪਤ ਕੀਤਾ ਜਾਏ। ਪਰ ਅਜਿਹੇ ਵਰਤਾਰੇ 'ਤੇ ਸਮਾਜਿਕ ਸਿਰਜਣਾ ਲਈ ਵੱਡੇ ਯਤਨਾਂ ਤੇ ਸਮਾਂਬੱਧ ਘਾਲਣਾ ਦੀ ਲੋੜ ਹੈ, ਜਿਸ ਲਈ ਤਿਆਰੀ ਵਿੱਢਣ ਦੀ ਲੋੜ ਹੈ, ਨਤੀਜਿਆਂ ਲਈ ਕਈ ਸਾਲਾਂ ਦੀ ਉਡੀਕ ਕਰਨੀ ਪਵੇਗੀ, ਪਰ ਉਹ ਜ਼ਰੂਰ ਹੀ ਚੰਗੇ ਹੀ ਹੋਣਗੇ। ਆਓ, ਆਪਣੇ-ਆਪ ਨੂੰ ਇਸ ਲਈ ਤਿਆਰ ਕਰਨ ਦਾ ਮਨ ਤਾਂ ਬਣਾਈਏ ਤਾਂ ਕਿ ਉਕਤ ਕਿਸਮ ਦੇ ਕਤਲਾਂ ਵਾਲੀ ਅੱਗ ਦਾ ਸੇਕ ਕਦੇ ਸਾਡੇ ਘਰ ਨੇੜੇ ਵੀ ਨਾ ਆ ਸਕੇ ਤੇ ਰੋਜ਼ਾਨਾ ਸਵੇਰੇ ਸਾਨੂੰ ਉਕਤ ਕਿਸਮ ਦੇ ਕਤਲਾਂ ਵਾਲੀਆਂ ਖ਼ਬਰਾਂ ਪੜ੍ਹ ਕੇ ਦੁਖੀ ਨਾ ਹੋਣਾ ਪਵੇ।

# ਜੇ ਧਰਤੀ ਤੇ ਰਹਿ ਕੇ ਕਰਨਾ ਚਾਹੁੰਦੇ ਹੋ ਚੰਨ ਦੀ ਸੈਰ ਤਾਂ ਲੱਦਾਖ ਦੀ ਇਹ ਜਗ੍ਹਾ ਹੈ ਬਿਲਕੁਲ ਸਹੀ



ਲੇਹ-ਲਦਾਖ ਐਡਵੈਂਚਰ ਪ੍ਰੇਮੀਆਂ ਲਈ ਕਿਸੇ ਫਿਰਦੌਸ ਤੋਂ ਘੱਟ ਨਹੀਂ ਹੈ। ਤੁਸੀਂ ਸੋਸ਼ਲ ਮੀਡੀਆ 'ਤੇ ਇੱਥੇ ਪੈਂਗੌਂਗ ਝੀਲ, ਮੈਗਨੇਟਿਕ ਹਿੱਲ, ਲੇਹ ਪੈਲੇਸ ਤੇ ਚਾਦਰ ਟ੍ਰੈਕ ਨਾਲ ਜੁੜੀਆਂ ਰੀਲਾਂ ਨੂੰ ਕਈ ਵਾਰ ਦੇਖੀਆਂ ਹੋਣਗੀਆਂ, ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਲੇਹ ਤੇ ਕਾਰਗਿਲ ਦੇ ਵਿਚਕਾਰ ਇੱਕ ਛੋਟੇ ਜਿਹੇ ਪਿੰਡ ਵਿੱਚ ਇੰਡੀਆਂ ਦਾ ਮੂਨ ਲੈਂਡ ਲੁਕਿਆ ਹੋਇਆ ਹੈ। ਤੁਹਾਨੂੰ ਦੱਸ ਦੇਈਏ ਕਿ ਲੇਹ ਤੋਂ ਕਰੀਬ 120 ਕਿਲੋਮੀਟਰ ਦੂਰ ਸਥਿਤ ਲਾਮਾਯੁਰੂ ਪਿੰਡ ਦੀ ਧਰਤੀ ਅਜਿਹੀ ਹੈ ਕਿ ਇਹ ਚੰਦ ਦੀ ਯਾਦ ਦਿਵਾਉਂਦੀ ਹੈ। ਆਓ ਤੁਹਾਨੂੰ ਦੱਸਦੇ ਹਾਂ ਇਸ ਨਾਲ ਜੁੜੀ ਇੱਕ ਬਹੁਤ ਹੀ ਦਿਲਚਸਪ ਗੱਲ। ਲੇਹ ਤੋਂ ਲਗਪਗ 120 ਕਿਲੋਮੀਟਰ ਦੂਰ ਸਥਿਤ ਲਾਮਾਯੁਰੂ ਪਿੰਡ ਮੂਨ ਲੈਂਡ ਵਜੋਂ ਮਸ਼ਹੂਰ ਹੈ। ਇਸ ਨਾਲ ਜੁੜੀ ਮੀਡੀਆ ਰਿਪੋਰਟ 'ਚ ਇਕ ਵਿਗਿਆਨੀ ਦਾ ਕਹਿਣਾ ਹੈ ਕਿ ਇੱਥੇ ਨਾ ਤਾਂ ਰੁੱਖ ਹਨ, ਨਾ ਪੌਦੇ ਹਨ ਅਤੇ ਨਾ ਹੀ ਜ਼ਿਆਦਾ ਹਵਾ। ਇਹੀ ਕਾਰਨ ਹੈ ਕਿ ਇਸ ਨੂੰ ਲੱਦਾਖ ਦੀ ਚੰਦਰਮਾ ਦੀ ਧਰਤੀ ਕਿਹਾ ਜਾਂਦਾ ਹੈ। ਲੱਦਾਖ ਦੇ ਇਸ ਮੂਨ ਲੈਂਡ ਦਾ ਭੂ-ਵਿਗਿਆਨਕ ਮਹੱਤਵ ਵੀ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਸੁੱਕਾ ਇਲਾਕਾ ਹਮੇਸ਼ਾ ਅਜਿਹਾ ਨਹੀਂ ਸੀ। ਮੰਨਿਆ ਜਾਂਦਾ ਹੈ ਕਿ 35-40 ਹਜ਼ਾਰ ਸਾਲ ਪਹਿਲਾਂ ਲਾਮਾਯੁਰੂ ਵਿੱਚ ਇੱਕ ਬਹੁਤ ਵੱਡੀ ਝੀਲ ਹੁੰਦੀ ਸੀ, ਜਿਸ ਦਾ ਪਾਣੀ ਹੌਲੀ-ਹੌਲੀ ਖ਼ਤਮ ਹੋ ਗਿਆ ਸੀ, ਪਰ ਝੀਲ ਦੀ ਚਿਕਨੀ ਮਿੱਟੀ ਇੱਕਠੀ ਹੁੰਦੀ ਗਈ, ਜਿਸ ਕਾਰਨ ਇਸ ਵਿੱਚ ਦਰਾਰਾਂ ਸਾਲ-ਦਰ-ਸਾਲ ਵਧਦੀਆਂ ਰਹਿੰਦੀਆਂ ਹਨ। ਇੱਕ ਰੂਪ ਲੈ ਲਿਆ ਜੋ ਹੁਣ ਸਾਨੂੰ ਮੂਨ ਤੇ ਮੰਗਲ ਦੀ ਯਾਦ ਦਿਵਾਉਂਦਾ ਹੈ। ਕਿਹਾ ਜਾਂਦਾ ਹੈ ਕਿ 11ਵੀਂ ਸਦੀ ਦੇ ਆਸ-ਪਾਸ ਰਿਸ਼ੀ ਨਰੋਪਾ ਨੇ ਝੀਲ ਨੂੰ ਹਟਾ ਕੇ ਇੱਥੇ ਇੱਕ ਮੱਠ ਦੀ ਸਥਾਪਿਤ ਕੀਤੀ ਸੀ। ਅੱਜ ਲਮਾਯੁਰੂ ਮੱਠ ਲੇਹ-ਲਦਾਖ ਦੇ ਸਭ ਤੋਂ ਮਸ਼ਹੂਰ ਮੱਠਾਂ ਵਿੱਚੋਂ ਇੱਕ ਹੈ। ਮੰਗਲ ਤੇ ਚੰਦਰਮਾ ਦੀ ਸਤ੍ਹਾ ਦਾ ਅਧਿਐਨ ਕਰਨ ਵਾਲੇ ਖੋਜਕਾਰਾਂ ਤੇ ਵਿਗਿਆਨੀਆਂ ਲਈ ਇਹ ਸਥਾਨ ਕਿਸੇ ਖਜ਼ਾਨੇ ਤੋਂ ਘੱਟ ਨਹੀਂ ਹੈ। ਮਨੁੱਖ ਨੂੰ ਮੰਗਲ ਗ੍ਰਹਿ 'ਤੇ ਵੀ ਪਾਣੀ ਮਿਲਿਆ ਹੈ। ਵਿਗਿਆਨੀਆਂ ਦਾ ਮੰਨਣਾ ਹੈ ਕਿ ਉਪਗ੍ਰਹਿ ਤੋਂ ਪ੍ਰਾਪਤ ਡੇਟਾ ਨੂੰ ਸਹੀ ਢੰਗ ਨਾਲ ਸਮਝਣ ਲਈ, ਧਰਤੀ ਦੇ ਇਨ੍ਹਾਂ ਸਥਾਨਾਂ ਨੂੰ ਸਮਝਣਾ ਤੇ ਖੋਜ ਕਰਨਾ ਬਹੁਤ ਜ਼ਰੂਰੀ ਹੈ। ਅਜਿਹੇ 'ਚ ਕੋਈ ਵਿਗਿਆਨੀ ਹੋਵੇ ਜਾਂ ਸੈਲਾਨੀ, ਲੱਦਾਖ ਦਾ ਇਹ ਮੱਠ ਸਾਰਿਆਂ ਨੂੰ ਆਕਰਸ਼ਿਤ ਕਰਦਾ ਹੈ ਅਤੇ ਚੰਦ 'ਤੇ ਸੈਰ ਕਰਨ ਦਾ ਅਨੁਭਵ ਵੀ ਦਿੰਦਾ ਹੈ। ਲਾਮਾਯੁਰੂ ਲੇਹ ਤੋਂ ਲਗਪਗ 120 ਕਿਲੋਮੀਟਰ ਦੂਰ ਹੈ। ਸਵੇਰੇ 10 ਵਜੇ ਅਤੇ ਦੁਪਹਿਰ 12 ਵਜੇ ਦੇ ਕਰੀਬ ਲੇਹ ਤੇ ਕਾਰਗਿਲ ਦੋਵਾਂ ਥਾਵਾਂ ਤੋਂ ਬੱਸਾਂ ਚਲਦੀਆਂ ਹਨ, ਜਿਨ੍ਹਾਂ ਰਾਹੀਂ ਤੁਸੀਂ ਪਹਾੜਾਂ ਤੇ 5 ਇਮਾਰਤਾਂ 'ਚ ਬਣੇ ਇਸ ਮੱਠ ਤੱਕ ਪਹੁੰਚ ਸਕਦੇ ਹੋ। ਇੱਥੇ ਹਰ ਸਾਲ ਯੂਰੂ ਕਬਗਯਾਤ ਨਾਮ ਦਾ ਸਲਾਨਾ ਮੇਲਾ ਵੀ ਹੁੰਦਾ ਹੈ, ਜਿੱਥੇ ਦੇਸ਼-ਵਿਦੇਸ਼ ਤੋਂ ਬਹੁਤ ਸਾਰੇ ਸੈਲਾਨੀ ਲਾਮਾਂ ਦੁਆਰਾ ਕੀਤੇ ਨਕਾਬ ਡਾਂਸ ਤੇ ਕੁਦਰਤ ਦੀ ਸੁੰਦਰਤਾ ਨੂੰ ਦੇਖਣ ਲਈ ਆਉਂਦੇ ਹਨ।

ਲੱਦਾਖ ਭਾਰਤ ਦਾ ਠੰਢਾ ਰੇਗਿਸਤਾਨ ਹੈ, ਜਿੱਥੇ ਚਾਰੇ ਪਾਸੇ ਪੱਥਰਾਂ ਦੇ ਪਹਾੜ ਹਨ ਅਤੇ ਹਰਿਆਲੀ ਬਹੁਤ ਹੀ ਘੱਟ। ਇਸ ਠੰਢੇ ਰੇਗਿਸਤਾਨ ਵਿੱਚ ਬੁੱਧ ਧਰਮ ਦੂਰ-ਦੂਰ ਤੱਕ ਫੈਲਿਆ। ਇੱਥੋਂ ਦੇ ਪਹਾੜਾਂ ਦੀਆਂ ਸਿਖ਼ਰਾਂ 'ਤੇ ਬਣੇ ਹਨ, ਬੁੱਧ ਧਰਮ ਦੇ ਮੱਠ; ਜਿਸ ਨੂੰ 'ਗੋਂਪਾ' ਵੀ ਕਿਹਾ ਜਾਂਦਾ ਹੈ। ਗੋਂਪਾ ਦਾ ਲੱਦਾਖੀ ਭਾਸ਼ਾ 'ਭੋਟ' ਵਿੱਚ ਅਰਥ ਹੈ, 'ਇਕਾਂਤ ਸਥਾਨ'। ਇਹ ਬੁੱਧ ਧਰਮ ਦੀ ਮਹਿਮਾ ਦੇ ਪ੍ਰਤੀਕ, ਧਾਰਮਿਕ ਵਿੱਦਿਆ ਹਾਸਿਲ ਕਰਨ ਅਤੇ ਪੂਜਾ ਅਰਚਨਾ ਦੇ ਸਥਾਨ ਹਨ। ਗੋਂਪਾ ਇਕ ਧਾਰਮਿਕ ਇਮਾਰਤ ਹੈ, ਜੋ ਬੋਧੀ ਭਿਕਸ਼ੂਆਂ ਲਈ ਸਦੀਵੀ ਆਤਮਿਕ ਸ਼ਾਂਤੀ ਦੀ ਭਾਲ ਵਿੱਚ ਅਧਿਆਤਮਿਕ ਗਿਆਨ ਹਾਸਿਲ ਕਰਨ ਦਾ ਕੇਂਦਰ ਹੈ। ਇਨ੍ਹਾਂ ਬੋਧੀ ਮੱਠਾਂ ਵਿੱਚ ਮਹਾਤਮਾ ਬੁੱਧ ਦੀਆਂ ਸਿੱਖਿਆਵਾਂ ਅਤੇ ਜੀਵਨ ਕਰਮਾਂ ਨੂੰ ਅਨੁਯਾਈਆਂ ਵਿੱਚ ਅਮਲੀ ਰੂਪ ਵਿੱਚ ਲਾਗੂ ਕਰਨ ਲਈ ਉਤਸਾਹਿਤ ਕੀਤਾ ਜਾਂਦਾ ਹੈ, ਜੋ ਅਲੌਕਿਕ ਆਤਮਾਵਾਂ/ਦੇਵਤਿਆਂ ਪ੍ਰਤੀ ਸਮਰਪਣ ਤੇ ਨਿਸ਼ਠਾ ਦੀ ਭਾਵਨਾ ਰੱਖਦੇ ਹਨ। ਕੁਦਰਤੀ ਖ਼ੂਬਸੂਰਤੀ ਦਾ ਉੱਤਮ ਨਮੂਨਾ ਪੰਜ ਪ੍ਰਯਾਗਕੁਦਰਤੀ ਖ਼ੂਬਸੂਰਤੀ ਦਾ ਉੱਤਮ ਨਮੂਨਾ ਪੰਜ ਪ੍ਰਯਾਗ ਲੱਦਾਖ ਦੇ ਸਾਰੇ ਬੋਧੀ ਮੱਠਾਂ ਵਿੱਚ ਬੁੱਧ ਧਰਮ ਦੇ ਬਾਨੀ ਮਹਾਤਮਾ ਗੌਤਮ ਬੁੱਧ ਅਤੇ ਬੋਧੀਸਤਵਾਂ (ਦੇਵਤਿਆਂ) ਦੇ ਚਿੱਤਰ ਕੰਧਾਂ 'ਤੇ ਚਿੱਤਰੇ ਮਿਲ ਜਾਂਦੇ ਹਨ। 'ਬੋਧੀਸਤਵ' ਅਰਥਾਤ ਉਹ ਮਹਾਨ ਵਿਅਕਤੀ, ਜੋ ਵਿਚਾਰਕ ਤੌਰ 'ਤੇ ਪ੍ਰਬੁੱਧ ਅਤੇ ਪਰੰਪਰਕ ਰੂਪ ਵਿੱਚ ਦਇਆ ਤੋਂ ਪ੍ਰੇਰਿਤ ਹੋਵੇ। ਬੋਧੀ ਮੱਠਾਂ ਵਿੱਚ ਪ੍ਰਮੁੱਖਤਾ ਨਾਲ ਚਿੱਤਰੇ ਗਏ ਮਹਾਤਮਾ ਬੁੱਧ ਦੇ ਹਰ ਚਿੱਤਰ ਵਿੱਚ ਉਨ੍ਹਾਂ ਨੇ ਸਮਾਧੀ ਲਗਾਈ ਹੁੰਦੀ ਹੈ। ਮਹਾਤਮਾ ਬੁੱਧ, ਚਿੱਤਰ ਦੇ ਕੇਂਦਰ ਵਿੱਚ ਅਤੇ ਆਸੇ ਪਾਸੇ ਬੋਧੀਸਤਵ ਚਿੱਤਰੇ ਗਏ ਹੁੰਦੇ ਹਨ। ਬੁੱਧ ਦੇ ਦੋਵੇਂ ਨੇਤਰ ਖੁੱਲ੍ਹੇ ਤੇ ਕਈ ਵਾਰ ਅਰਧ ਖੁੱਲ੍ਹੇ ਦਿਖਾਏ ਜਾਂਦੇ ਹਨ। ਉਨ੍ਹਾਂ ਨੇ ਹੱਥ ਵਿੱਚ ਪਾਣੀ ਦਾ ਭਰਿਆ ਭਾਂਡਾ ਫੜਿਆ ਹੁੰਦਾ ਹੈ, ਜਿਸ ਵਿੱਚ ਇਕ ਕਮਲ ਦਾ ਖਿੜਿਆ ਫੁੱਲ ਦਿਖਾਈ ਦਿੰਦਾ ਹੈ। ਕਮਲ ਦਾ ਫੁੱਲ ਵਿਚਾਰਕਾਂ ਅਨੁਸਾਰ ਸ੍ਰਿਸ਼ਟੀ ਦਾ ਰਚੈਤਾ ਹੈ। ਕੁਝ ਇਸ ਨੂੰ ਸਮਰਿੱਧੀ ਅਤੇ ਸੰਪੰਨਤਾ ਦਾ ਪ੍ਰਤੀਕ ਮੰਨਦੇ ਹਨ। ਇਹ ਪਾਣੀ ਦਾ ਭਾਂਡਾ ਬੋਧੀ ਧਰਮ ਦੇ ਅੱਠ ਪ੍ਰਤੀਕਾਂ ਵਿੱਚੋਂ ਇਕ ਹੈ। ਇਸ ਨੂੰ ਜੀਵਨ ਦਾ 'ਬ੍ਰਹਮ ਅੰਮ੍ਰਿਤ' ਕਿਹਾ ਗਿਆ ਹੈ। ਇਸੇ ਬ੍ਰਹਮ ਅੰਮ੍ਰਿਤ ਦਾ ਛਿੜਕਾਅ ਬੋਧੀਆਂ 'ਤੇ ਕੀਤਾ ਜਾਂਦਾ ਹੈ ਤਾਂ ਜੋ ਉਨ੍ਹਾਂ ਨੂੰ ਸਰੀਰਕ ਤੌਰ 'ਤੇ ਨਿਰੋਗਤਾ ਅਤੇ ਆਤਮਿਕ ਤੌਰ 'ਤੇ ਸ਼ਾਂਤੀ ਦੀ ਬਖ਼ਸ਼ਿਸ਼ ਹੋ ਸਕੇ। 'ਅੰਮ੍ਰਿਤ' ਦਾ ਸੰਕਲਪ ਲਗਪਗ ਹਰ ਧਰਮ ਵਿੱਚ ਵਿਦਮਾਨ ਹੈ। ਸਿੱਖ ਧਰਮ ਵਿੱਚ ਖੰਡੇ ਬਾਟੇ ਦੀ ਪਾਹੁਲ ਲੈ ਕੇ ਨੇਤਰਾਂ 'ਤੇ ਛੱਟੇ ਦੇਣੇ ਅੰਮ੍ਰਿਤ ਦੀ ਨਿਆਈਂ ਹੈ:- ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ (ਅੰਗ-918)

ਸਿੱਖਾਂ ਵਿੱਚ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਜਲ ਅਤੇ ਹਿੰਦੂ ਧਰਮ ਵਿੱਚ ਗੰਗਾ ਦੇ ਜਲ ਨੂੰ ਅੰਮ੍ਰਿਤ ਕਿਹਾ ਗਿਆ ਹੈ ਜਦਕਿ ਮੁਸਲਿਮ ਧਰਮ ਵਿੱਚ ਜ਼ਮਜ਼ਮ ਦੇ ਜਲ ਨੂੰ 'ਆਬ-ਏ-ਹੱਯਾਤ' ਯਾਨਿ ਜ਼ਿੰਦਗੀ ਦਾ ਪਾਣੀ, ਜਿਸ ਨੂੰ ਅੰਮ੍ਰਿਤ ਦਾ ਦਰਜਾ ਦਿੱਤਾ ਗਿਆ ਹੈ। ਈਸਾਈਆਂ ਵਿੱਚ ਵੀ ਅਧਿਆਤਮਕ ਸ਼ੁੱਧੀ ਲਈ ਪਾਦਰੀ ਵੱਲੋਂ 'ਪਵਿੱਤਰ ਜਲ' ਦਾ ਸਿਰ 'ਤੇ ਛਿੜਕਾਅ ਕੀਤਾ ਜਾਂਦਾ ਹੈ। ਬੁੱਧ ਦੇ ਲਗਪਗ ਸਾਰੇ ਚਿੱਤਰਾਂ ਵਿੱਚ ਕੈਥੋਲਿਕ ਈਸਾਈ ਚਿੱਤਰਕਾਰੀ ਦੀ ਤਰ੍ਹਾਂ ਸਿਰ ਦੁਆਲੇ ਤੇਜ਼-ਪੁੰਜ ਚਿੱਤਰਿਆ ਗਿਆ ਹੈ। ਅਜਿਹੀ ਰੀਤ ਸਿੱਖ ਚਿੱਤਰਕਾਰੀ ਵਿੱਚ ਗੁਰੂ ਸਾਹਿਬਾਨ ਦੇ ਚਿੱਤਰ ਉਲੀਕਣ ਵੇਲੇ ਵੀ ਨਿਭਾਈ ਜਾਂਦੀ ਹੈ। ਚਿੱਤਰਾਂ ਵਿੱਚ ਮਹਾਤਮਾ ਬੁੱਧ ਨੂੰ ਸਿਰ 'ਤੇ ਇਕ ਵੱਖਰੀ ਕਿਸਮ ਦੀ ਟੋਪੀ ਪਹਿਨੀ ਚਿੱਤਰਿਆ ਹੈ, ਜਿਸ ਨੂੰ ਕਪਾਲਾ ਕਹਿੰਦੇ ਹਨ। ਇਹ ਕਪਾਲਾ 108 ਘੋਗਿਆਂ ਨੂੰ ਦਰਸਾਉਂਦੀਆਂ ਲਕੀਰਾਂ ਘੁਮਾਓਦਾਰ ਵਾਲ਼ਾਂ ਦੀਆਂ ਲਟਾਂ ਦੀ ਤਰ੍ਹਾਂ ਹਨ। ਬੋਧੀ ਵਿਸ਼ਵਾਸ ਕਰਦੇ ਹਨ ਕਿ ਘੋਗਿਆਂ ਦਾ ਇਹ ਝੁੰਡ ਮਹਾਤਮਾ ਬੁੱਧ ਦੇ ਸਿਰ/ਦਿਮਾਗ਼ ਨੂੰ ਤਪ ਕਰਦੇ ਸਮੇਂ ਠੰਢਾ ਰੱਖਣਗੇ। ਲੇਹ ਸ਼ਹਿਰ ਤੋਂ ਥੋੜ੍ਹੀ ਦੂਰ ਸਥਿਤ ਥਿਕਸੇ ਮੱਠ 'ਚ ਬਣੇ ਵਿਸ਼ਾਲ ਚਿੱਤਰ ਵਿੱਚ ਬੁੱਧ ਨੂੰ ਕਮਲ ਰੂਪੀ ਇਕ ਵੱਡੇ ਉੱਚੇ ਸਿੰਘਾਸਨ ਉੱਪਰ ਬਿਰਾਜਮਾਨ ਚਿੱਤਰਿਆ ਹੈ। ਬੁੱਧ ਦੇ ਸਿੰਘਾਸਨ ਉੱਤੇ ਜੀਵਨ ਚੱਕਰ ਵੀ ਚਿੱਤਰਿਆ ਗਿਆ ਹੈ। ਉਨ੍ਹਾਂ ਦੇ ਸੱਜੇ ਤੇ ਖੱਬੇ ਪਾਸੇ ਦੋ ਚੇਲੇ ਰੱਖਿਅਕ ਵਜੋਂ ਚਿੱਤਰੇ ਗਏ ਹਨ, ਜਿਨ੍ਹਾਂ ਨੇ ਪਰੰਪਰਕ ਬੋਧੀ ਪੁਸ਼ਾਕ ਪਹਿਨੀ ਹੋਈ ਹੈ। ਦੋਵਾਂ ਦੇ ਹੱਥਾਂ ਵਿੱਚ ਬ੍ਰਹਮ ਅੰਮ੍ਰਿਤ ਦੇ ਭਰੇ ਭਾਂਡੇ ਹਨ। ਬੁੱਧ ਧਰਮ ਵਿੱਚ ਮਹਾਤਮਾ ਬੁੱਧ ਦੇ ਰੱਖਿਅਕ ਵਜੋਂ ਤਿੰਨ ਪ੍ਰਮੁੱਖ ਬੋਧੀਸਤਵ (ਦੇਵਤਾ) ਹੋਏ ਹਨ। 'ਬੋਧੀਸਤਵ' ਪਾਲੀ ਭਾਸ਼ਾ ਦਾ ਸ਼ਬਦ ਹੈ, ਅਰਥਾਤ ਜੋ ਜਾਗ੍ਰਿਤੀ ਦਾ ਅਨੁਸਰਨ ਕਰਦਾ ਹੈ ਜਾਂ ਉਹ ਅਨੰਤ ਗਿਆਨੀ, ਜੋ ਬੁੱਧ ਬਣਨ ਦੀ ਰਾਹ 'ਤੇ ਹੈ। ਬੁੱਧ ਧਰਮ ਦਾ ਪਹਿਲਾ ਬੋਧੀਸਤਵ ਮੰਜੂਸ਼੍ਰੀ ਹੈ, ਜੋ ਬੁੱਧੀ ਦਾ ਲਖਾਇਕ ਹੈ। ਦੂਜਾ ਦਇਆ ਦਾ ਬੋਧੀਸਤਵ ਅਵਲੋਕਿਤੇਸ਼ਵਰ ਹੈ ਅਤੇ ਤੀਜਾ ਬੋਧੀਸਤਵ ਭਵਿੱਖੀ ਬੁੱਧ ਮੈਤ੍ਰੇਯ ਹੈ। ਮੱਠਾਂ ਵਿੱਚ ਇਨ੍ਹਾਂ ਬੋਧੀਸਤਵਾਂ ਦੀ ਦੇਵਤੇ ਦੇ ਰੂਪ ਵਿੱਚ ਪੂਜਾ ਅਰਚਨਾ ਕੀਤੀ ਜਾਂਦੀ ਹੈ, ਇਹੋ ਕਾਰਣ ਹੈ ਕਿ ਕੰਧਾਂ 'ਤੇ ਵੀ ਇਨ੍ਹਾਂ ਤਿੰਨਾਂ ਦੇਵਤਿਆਂ ਦੇ ਚਿੱਤਰ ਸਾਰੇ ਬੋਧੀ ਮੱਠਾਂ ਦੀਆਂ ਕੰਧਾਂ ਅਤੇ ਥੰਗਕਾ ਚਿੱਤਰਾਂ (ਕੱਪੜੇ ਜਾਂ ਕਾਗਜ਼ 'ਤੇ ਬਣੇ ਚਿੱਤਰਾਂ ਨੂੰ ਥੰਗਕਾ ਕਿਹਾ ਜਾਂਦਾ ਹੈ) ਦੇ ਰੂਪ ਵਿੱਚ ਦੇਖਣ ਨੂੰ ਮਿਲ ਜਾਂਦੇ ਹਨ। ਮੰਜੂਸ਼੍ਰੀ ਉਹ ਬੋਧੀਸਤਵ ਹੈ, ਜੋ ਸਾਰੇ ਬੋਧੀ ਗਿਆਨ ਦੀ ਮੂਰਤ ਹੈ। ਧਿਆਨ ਧਰਨ ਵਾਲਾ ਦੇਵਤਾ ਮੰਜੂਸ਼੍ਰੀ ਮਹਾਯਾਨ ਬੁੱਧ ਧਰਮ ਵਿੱਚ ਮਹੱਤਵਪੂਰਨ ਬੋਧੀਸਤਵ ਹੈ। ਧਿਆਨ ਆਸਨ ਦੀ ਮੁਦ੍ਰਾ ਵਿੱਚ ਬੈਠੇ ਮੰਜੂਸ਼੍ਰੀ ਦੇ ਹੱਥ ਵਿੱਚ ਕਿਤਾਬ ਹੈ, ਜੋ ਅਧਿਆਤਮਿਕ ਗਿਆਨ ਵੰਡਣ ਦਾ ਲਖਾਇਕ ਹੈ। ਚਿੱਤਰਾਂ ਵਿੱਚ ਮੰਜੂਸ਼੍ਰੀ ਨੇ ਸੱਜੇ ਹੱਥ ਵਿੱਚ ਬਲਦੀ ਤਲਵਾਰ ਫੜੀ ਹੈ, ਜੋ ਅਗਿਆਨਤਾ ਦੇ ਹਨੇਰੇ ਨੂੰ ਖ਼ਤਮ ਕਰਨ ਦਾ ਪ੍ਰਤੀਕ ਹੈ। ਗਿਆਨ ਦੇ ਦੇਵਤੇ ਮੰਜੂਸ਼੍ਰੀ ਦੇ ਇਕ ਹੱਥ ਵਿੱਚ ਕਮਲ ਦਾ ਫੁੱਲ ਹੁੰਦਾ ਹੈ, ਜੋ ਸ੍ਰਿਸ਼ਟੀ ਦੇ ਰਚਨਹਾਰੇ ਦੇ ਰੂਪ ਵਿੱਚ ਅਤੇ ਗਿਆਨ ਦੀ ਪ੍ਰਾਪਤੀ ਨੂੰ ਦਰਸਾਉਂਦਾ ਹੈ। ਜ਼ਿਆਦਾਤਰ ਉਨ੍ਹਾਂ ਨੂੰ ਨੀਲੇ ਸ਼ੇਰ ਉੱਤੇ ਸਵਾਰ ਜਾਂ ਉਸ ਦੀ ਖੱਲ 'ਤੇ ਬੈਠਿਆਂ ਚਿੱਤਰਿਤ ਕੀਤਾ ਜਾਂਦਾ ਹੈ। ਸ਼ੇਰ ਦੀ ਸਵਾਰੀ ਕਰ ਲੈਣ ਦਾ ਅਰਥ ਉਸ ਨੂੰ ਆਪਣੇ ਵੱਸ ਵਿੱਚ ਕਰ ਲੈਣ ਤੋਂ ਹੈ। ਜ਼ਿਆਦਾਤਰ ਚਿੱਤਰਾਂ ਵਿੱਚ ਉਨ੍ਹਾਂ ਦੀ ਚਮੜੀ ਦਾ ਰੰਗ ਪੀਲਾ ਕੀਤਾ ਗਿਆ ਹੁੰਦਾ ਹੈ। ਬੁੱਧ ਦੀ ਅਨੰਤ ਕਰੁਣਾ ਨੂੰ ਦਰਸਾਉਂਦਾ ਅਵਲੋਕਿਤੇਸ਼ਵਰ ਬੋਧੀਸਤਵ ਦਾ ਗੁੱਸੇ ਵਾਲਾ ਰੂਪ ਹੈ ਪਰ ਨਾਲ ਹੀ ਇਹ ਰਹਿਮੋ ਕਰਮ ਦਾ ਵੀ ਦੇਵਤਾ ਹੈ। ਅਵਲੋਕਿਤੇਸ਼ਵਰ ਬੁੱਧ ਧਰਮ ਦੇ ਮਹਾਯਾਨ ਸ਼ਾਖਾ ਦੇ ਦੇਵਤਾ ਹਨ। ਇਨ੍ਹਾਂ ਨੂੰ ਚਿੱਤਰਾਂ ਵਿੱਚ ਜ਼ਿਆਦਾਤਰ ਸਫ਼ੈਦ ਰੰਗ ਵਿੱਚ ਦਿਖਾਇਆ ਜਾਂਦਾ ਹੈ। ਇਸ ਬੋਧੀਸਤਵ ਨੂੰ ਕੁਦਰਤੀ ਬਿਪਤਾਵਾਂ ਅਤੇ ਜੰਗਲੀ ਜਾਨਵਰਾਂ ਤੋਂ ਬਚਾਉਣ ਵਾਲਾ ਚੌਥੀ ਦੁਨੀਆਂ ਦਾ ਨਿਰਮਾਤਾ ਮੰਨਿਆ ਗਿਆ ਹੈ। ਹੁਣ ਗੱਲ ਕਰਦੇ ਹਾਂ ਬੁੱਧ ਧਰਮ ਦੇ ਤੀਜੇ ਬੋਧੀਸਤਵ ਮੈਤ੍ਰੇਯ ਦੀ। ਥਿਕਸੇ ਮੱਠ ਜਿਥੇ ਮੈਤ੍ਰੇਯ ਦੀ ਪੂਜਾ ਹੁੰਦੀ ਹੈ, ਤਿੱਬਤੀ ਬੁੱਧ ਧਰਮ ਦੇ ਗੇਲੁਗ ਸੰਪਰਦਾਇ ਨਾਲ ਜੁੜਿਆ ਹੈ, ਜੋ ਲੱਦਾਖ ਦੇ ਲੇਹ ਸ਼ਹਿਰ ਦੇ ਪੂਰਬ ਵਿੱਚ 19 ਕਿਲੋਮੀਟਰ ਦੂਰ ਥਿਕਸੇ ਪਿੰਡ ਵਿੱਚ ਸਥਿਤ ਹੈ। ਇਸੇ ਕਰਕੇ ਇਸ ਨੂੰ ਥਿਕਸੇ ਮੱਠ ਕਿਹਾ ਜਾਂਦਾ ਹੈ। ਇਹ ਮੱਠ 11800 ਫੁੱਟ ਦੀ ਉੱਚਾਈ 'ਤੇ ਹੈ। 12 ਮੰਜ਼ਲਾਂ ਉੱਚਾ ਇਹ ਮੱਠ ਪਹਾੜ ਦੀ ਸਿਖਰ 'ਤੇ ਹੈ ਅਤੇ ਦੂਰੋਂ ਹੀ ਨਜ਼ਰੀਂ ਪੈ ਜਾਂਦਾ ਹੈ। ਇੱਥੇ ਇਕ ਪ੍ਰਮੁੱਖ ਪ੍ਰਾਰਥਨਾ ਗ੍ਰਹਿ ਵੀ ਬਣਿਆ ਹੈ, ਜਿੱਥੇ ਬੋਧੀ ਮੂਰਤੀਆਂ ਅਤੇ ਕੰਧਾਂ ਉੱਤੇ ਬੁੱਧ ਨਾਲ ਸਬੰਧਿਤ ਕੰਧ ਚਿੱਤਰ ਬਣੇ ਹਨ। ਇੱਥੇ ਕਮਲ ਦੇ ਸਿੰਘਾਸਨ 'ਤੇ ਬਿਰਾਜਮਾਨ ਬੋਧੀਸਤਵ ਮੈਤ੍ਰੇਯ ਦੀ ਵਿਸ਼ਾਲ 15 ਮੀਟਰ ਉੱਚੀ ਮੂਰਤੀ ਹੈ, ਜਿਸ ਨੂੰ 'ਭਵਿੱਖ ਦੇ ਬੁੱਧ' ਕਿਹਾ ਜਾਂਦਾ ਹੈ। ਮੈਤ੍ਰੇਯ ਦੀ ਇਸ ਵੱਡ ਆਕਾਰੀ ਮੂਰਤੀ ਨੂੰ ਲੱਦਾਖੀ ਭਾਸ਼ਾ ਵਿੱਚ 'ਚੰਬਾ' ਕਹਿੰਦੇ ਹਨ। ਇਹ ਮੂਰਤੀ 1980 ਵਿੱਚ ਦਲਾਈ ਲਾਮਾ ਨੇ ਲੋਕਾਂ ਨੂੰ ਸਮਰਪਿਤ ਕੀਤੀ। ਬੋਧੀਆਂ ਵਿੱਚ ਵਿਸ਼ਵਾਸ ਹੈ ਕਿ ਜਦੋਂ ਮਹਾਤਮਾ ਬੁੱਧ ਵੱਲੋਂ ਦਿੱਤੀਆਂ ਸਿੱਖਿਆਵਾਂ ਨਿਰਮੂਲ ਜਾਂ ਨਸ਼ਟ ਹੋ ਜਾਣਗੀਆਂ ਤਾਂ ਸੰਸਾਰ ਵਿੱਚ ਮੈਤ੍ਰੇਯ ਬੁੱਧ ਅਵਤਾਰ ਲੈਣਗੇ।


ਮੈਤ੍ਰੇਯ ਦਾ ਬੁੱਧ ਧਰਮ ਵਿੱਚ ਰੁੱਤਬਾ ਚਿੱਤਰਾਂ ਅਤੇ ਮੂਰਤੀ ਵਿੱਚ ਮੈਤ੍ਰੇਯ ਦੇ ਸਿਰ 'ਤੇ ਸਜੇ ਤਾਜ ਵਿੱਚ ਪੰਜ ਅਵਲੋਕਿਤੇਸ਼ਵਰ ਬਣਾਏ ਗਏ ਹਨ, ਇਸ ਤੋਂ ਸਿੱਧ ਹੁੰਦਾ ਹੈ ਕਿ ਮੈਤ੍ਰੇਯ ਦਾ ਬੁੱਧ ਧਰਮ ਵਿੱਚ ਅਵਲੋਕਿਤੇਸ਼ਵਰ ਨਾਲੋਂ ਉੱਚਾ ਰੁੱਤਬਾ ਹੈ। ਕੰਧ ਚਿੱਤਰਾਂ ਵਿੱਚ ਮੈਤ੍ਰੇਯ ਦੇ ਹੱਥ ਪਰਿਵਰਤਨ ਮੁਦਰਾ ਵਿੱਚ ਹਨ ਅਰਥਾਤ ਉਹ ਧਰਮ ਦੇ ਚੱਕਰ ਨੂੰ ਮੋੜ ਰਹੇ ਹਨ। ਉਹਨਾਂ ਨੂੰ ਬੋਧੀਸਤਵ ਅਤੇ ਬੁੱਧ ਦੋਵੇਂ ਰੂਪਾਂ ਵਿੱਚ ਚਿੱਤਰਿਤ ਕੀਤਾ ਗਿਆ ਹੈ। ਉਹਨਾਂ ਨੂੰ ਅਕਸਰ ਲੱਤਾਂ ਲਮਕਾ ਕੇ ਬੈਠੇ ਹੋਏ ਜਾਂ ਗੋਡੇ ਮੋੜ ਕੇ ਸਮਾਧੀ ਰੂਪ ਵਿੱਚ ਬੈਠਿਆਂ ਚਿੱਤਰਿਤ ਕੀਤਾ ਗਿਆ ਹੈ। ਮੱਠਾਂ ਵਿੱਚ ਉਪਰੋਕਤ ਬੋਧੀਸਤਵਾਂ ਤੋਂ ਇਲਾਵਾ ਵੱਜਰਾਪਾਣੀ ਨਾਮੀ ਬੋਧੀਸਤਵ ਦੇ ਵੀ ਕੰਧ ਚਿੱਤਰ ਮਿਲੇ ਹਨ। ਵੱਜਰਾਪਾਣੀ ਉਹ ਬੋਧੀਸਤਵ ਹੈ, ਜਿਸ ਨੂੰ ਮਹਾਤਮਾ ਬੁੱਧ ਦੀ ਸੁਰੱਖਿਆ ਦੇ ਰੂਪ ਵਿੱਚ ਚਿੱਤਰਾਂ ਵਿੱਚ ਦਰਸਾਇਆ ਜਾਂਦਾ ਹੈ। ਸਭ ਤੋਂ ਪਹਿਲਾਂ ਪ੍ਰਗਟ ਹੋਣ ਵਾਲਾ ਬੁੱਧ ਦੀ ਸ਼ਕਤੀ ਦਾ ਇਹ ਬੋਧੀਸਤਵ ਹਿੰਦੂ ਧਰਮ ਦੇ ਇੰਦਰ ਦੇਵਤੇ ਦੇ ਪ੍ਰਤੀਕ ਸਮਾਨ ਚਿੱਤਰਾਂ ਵਿੱਚ ਪੇਸ਼ ਕੀਤਾ ਜਾਂਦਾ ਹੈ।

# ਐ ਮਨੁੱਖ ਸੋਚ ਸਮਝ ਕੇ ਜੀਵਨ ਕਰ ਬਤੀਤ, ਆਪਣੀ ਔਕਾਤ 'ਚ ਰਹਿਣਾ ਸਿੱਖ

ਔਕਾਤ, ਹੈਸੀਅਤ, ਮਨੁੱਖ ਦਾ ਮਾਨਵੀ ਮੁਲਾਂਕਣ। ਗੁਣਾਂ ਦੀ ਗੁਥਲੀ। ਬਿਰਤੀਆਂ ਦਾ ਬਿਰਤਾਂਤ। ਮਨੁੱਖ-ਭਾਵੀ ਵਿਸ਼ੇਸ਼ਤਾਵਾਂ ਦੀ ਵਿਆਕਰਨ। ਇਨਸਾਨੀਅਤ ਦਾ ਪ੍ਰਕਾਸ਼। ਆਲੇ-ਦੁਆਲੇ ਫੈਲਿਆ ਚਾਨਣ ਦਾ ਸੁਦਰਸ਼ਨ ਚੱਕਰ। ਔਕਾਤ ਕਦੇ ਵੀ ਖ਼ਾਨਦਾਨ, ਰੁਤਬੇ, ਡਿਗਰੀਆਂ, ਉਪਾਧੀਆਂ, ਜਾਇਦਾਦਾਂ, ਮਹੱਲਾਂ, ਕੋਠੀਆਂ, ਵੱਡੇ ਫਾਰਮਾਂ ਜਾਂ ਅਮੀਰੀ ਦੀ ਮੁਥਾਜ ਨਹੀਂ। ਕਈ ਵਾਰ ਕੁੱਲੀ ਵਿਚ ਰਹਿਣ ਵਾਲੇ ਫ਼ਕੀਰ ਦੀ ਔਕਾਤ ਵੀ ਮਹਿਲਾਂ ਵਿਚ ਰਹਿਣ ਵਾਲੇ ਰਈਸਜ਼ਾਦਿਆਂ ਤੋਂ ਉੱਪਰ ਹੁੰਦੀ। ਔਕਾਤ, ਹਰ ਵਿਅਕਤੀ ਨੂੰ ਖ਼ੁਦਾ ਦੀ ਜਾਤ ਸਮਝਣਾ। ਮਨੁੱਖ ਦੇ ਭਾਵਾਂ ਦੀ ਕਦਰ ਕਰਨਾ। ਸਾਂਝੀਵਾਲਤਾ ਦਾ ਧਾਰਨੀ ਹੋਣਾ। 'ਏਕ ਨੂਰ ਤੇ ਸਭ ਜਗ ਉਪਜਿਆ' ਜਿਹੇ ਪ੍ਰਵਚਨਾਂ ਨੂੰ ਕਰਮ-ਧਰਮ ਵਿਚ ਧਾਰਨ ਦੀ ਚਾਹਨਾ। ਸਰਬੱਤ ਦੇ ਭਲੇ ਦਾ ਅਰਦਾਸੀਆ। ਕਵਿਤਾ ਚ ਕੁਦਰਤ ਦੇ ਸੁਹ$ਪਣ ਦੀ ਬਾਤ ਪਾਉਣ ਵਾਲੀ ਕਵਿਤਰੀ ਜਸ ਪ੍ਰੀਤਕਵਿਤਾ ਚ ਕੁਦਰਤ ਦੇ ਸੁਹ$ਪਣ ਦੀ ਬਾਤ ਪਾਉਣ ਵਾਲੀ ਸਦਾ ਰਿਸਦਾ ਰਹੇਗਾ। ਉਸ ਦੀ ਮਸੂਮੀਅਤ ਨੂੰ ਵਲੂੰਧਰਨ ਦਾ ਦੋਸ਼ੀ ਕੌਣ ਹੋਵੇਗਾ? ਰੂਹ ਤੇ ਲੱਗੇ ਅਜੇਹੇ ਫੱਟ ਸਾਰੀ ਉਮਰ ਹੀ ਚਸਕਦੇ ਰਹਿੰਦੇ। ਪਰ ਇਹੀ ਫੱਟ ਹੀ ਕਿਸੇ ਬੇਔਕਾਤੇ ਨੂੰ ਔਕਾਤ ਦੇ ਦਿਸਹੱਦੇ ਦੀ ਦੱਸ ਪਾਉਂਦੇ ਅਤੇ ਔਕਾਤ ਦਾ ਨਵਾਂ ਸਿਰਨਾਵਾਂ ਸਿਰਜਦੇ। ਬਾਅਦ 'ਚ ਮਿਹਣਾ ਮਾਰਨ ਵਾਲਿਆਂ ਨੂੰ ਆਪੇ ਹੀ ਪਤਾ ਲੱਗ ਜਾਂਦਾ ਕਿ ਔਕਾਤ ਕਿਸ ਨੂੰ ਕਹਿੰਦੇ ਅਤੇ ਕਿਸ ਦੀ ਕਿੰਨੀ ਕੁ ਔਕਾਤ ਹੈ? ਅਕਸਰ ਹੀ ਲੋਕ ਕਿਸੇ ਪੱਥਰ ਨੂੰ ਠੁੱਡ ਮਾਰਦੇ ਪਰ ਜਦ ਉਸੀ ਪੱਥਰ ਵਿਚੋਂ ਮੂਰਤੀ ਕਿਸੀ ਜਾਂਦੀ ਤਾਂ ਉਸ ਪੱਥਰ-ਰੂਪੀ ਮੂਰਤੀ ਨੂੰ ਨਤਮਸਤਕ ਹੋ, ਮੰਨਤਾਂ ਮੰਗਣ ਲੱਗ ਪੈਂਦੇ। ਔਕਾਤ, ਬੰਦੇ ਦੇ ਹੱਥ ਵੱਸ। ਉਸ ਦੀ ਸੋਚ ਦੀ ਦਾਸੀ ਅਤੇ ਉਸ ਦੇ ਕਰਮਾਂ ਦੀ ਕਾਮਨੀ। ਕਰਮ-ਸਾਧਨਾ ਦੀ ਦੇਵੀ। ਉੱਦਮ ਦਾ ਆਵੇਸ਼। ਮਸਤਕ 'ਚ ਉੱਗਿਆ ਸੂਰਜ। ਪੁਰਨਿਆਂ 'ਚੋਂ ਪ੍ਰਗਟਦੀ ਵਰਨਮਾਲਾ। ਲਿਖਤ ਵਿਚੋਂ ਪਨਪਦੀ ਸੰਵੇਦਨਾ। ਸੂਰਜ, ਸਲੀਕਾ ਅਤੇ ਸੇਧ ਦਾ ਸੰਗਮ। ਔਕਾਤ ਨਾ ਤਾਂ ਅਪਹੁੰਚ ਤੇ ਨਾ ਹੀ ਵਸੋਂ-ਬਾਹਰੀ। ਨਾ ਹੀ ਅਤੇ ਪਿਆਰ ਸਿਰਫ਼ ਉਸ ਨੂੰ ਹੀ ਕਰੋ ਜਿਸ ਦੀ ਵਫ਼ਾ ਪਾਲਣ ਦੀ ਔਕਾਤ ਹੋਵੇ। ਵਰਨਾ ਲੋਕ ਤਾਂ ਰਿਸ਼ਤਿਆਂ ਨੂੰ ਵਰਤ ਕੇ ਡੱਸਟਬਿਨ ਵਿਚ ਸੁੱਟ ਦਿੰਦੇ ਨੇ। ਔਕਾਤ ਬਦਲਦਿਆਂ ਦੇਰ ਨਹੀਂ ਲੱਗਦੀ। ਸਹੀ ਸਮਾਂ, ਸਹੀ ਮੌਕਾ ਅਤੇ ਸਹੀ ਸੇਧ ਵਿਚ ਧਰਿਆ ਇਕ ਹੀ ਕਦਮ, ਮਨੁੱਖੀ ਹੈਸੀਅਤ ਵਿਚ ਬਦਲਾਅ ਪੈਦਾ ਕਰ ਦਿੰਦਾ। ਕਦੇ ਮਹਾਨ ਵਿਅਕਤੀਆਂ, ਵਿਗਿਆਨੀਆਂ, ਕਲਾਕਾਰਾਂ, ਸਮਾਜ ਸੇਵਕਾਂ ਜਾਂ ਧਾਰਮਿਕ ਗੁਰੂਆਂ ਦੀ ਜੀਵਨ-ਗਾਥਾ ਪੜ੍ਹਨਾ, ਤੁਹਾਨੂੰ ਪਤਾ ਲੱਗੇਗਾ ਕਿ ਤਕਦੀਰ ਬਦਲਣ ਨਾਲ ਬੰਦੇ ਦੀ ਔਕਾਤ ਕਿਵੇਂ ਬਦਲਦੀ। ਜਦ ਕਿਸੇ ਕੰਮੀ ਦਾ ਬੱਚਾ ਉੱਚ-ਅਧਿਕਾਰੀ ਬਣ ਜਾਂਦਾ ਤਾਂ ਕੰਮੀ ਨੂੰ ਘੂਰਨ ਵਾਲੇ ਜ਼ਿਮੀਂਦਾਰ ਵੀ ਉਸ ਦਾ ਅਦਬ ਕਰਨ ਲੱਗਦੇ। ਡਰ ਹੁੰਦਾ ਕਿ ਪਤਾ ਨਹੀਂ ਸਾਨੂੰ ਇਸ ਦੀ ਕਿਹੜੇ ਵੇਲੇ ਲੋੜ ਪੈ ਜਾਵੇ। ਇਹੀ ਲੋੜ ਹੀ ਕਿਸੇ ਕੰਮੀਂ ਦੀ ਔਕਾਤ ਬਦਲਣ ਦਾ ਪ੍ਰਮਾਣ ਹੁੰਦੀ। ਆਪਣੀ ਔਕਾਤ ਵਿਚ ਰਹਿੰਦਿਆਂ, ਸੀਮਤ ਸਾਧਨਾ ਨਾਲ ਜੀਵਨ ਨੂੰ ਸੁਖਦ ਅਤੇ ਸੁਪਨਮਈ ਬਣਾਉਣ ਵਾਲੇ , ਜਦ ਕੋਈ ਬੰਦਾ ਖ਼ੁਦ ਨੂੰ ਖ਼ੁਦਾ ਅਖਵਾਏ ਤਾਂ ਸਮਝੋ ਕਿ ਉਸ ਦੇ ਸਿਰ 'ਤੇ ਮੰਡਰਾਉਂਦੀ ਹੈ ਮੌਤ ਅਤੇ ਉਸ ਦੀ ਔਕਾਤ ਨੇ ਬਹੁਤ ਜਲਦੀ ਹੋ ਜਾਣਾ ਹੈ ਫ਼ੌਤ। ਜਦ ਕੋਈ ਲੱਪ ਕੁ ਆਟਾ ਮੰਗਣ ਵਾਲਿਆਂ ਸਾਹਵੇਂ ਭਰੇ ਗੁਦਾਮਾਂ ਤੇ ਕੁੰਡਲੀ ਮਾਰੇ ਤਾਂ ਸਮਝ ਲੈਣਾ ਕਿ ਭੁੱਖੀਆਂ ਆਂਦਰਾਂ ਦੀ ਬਦ-ਦੁਆ ਨੇ ਗ਼ਰਕ ਕਰ ਦੇਣਾ ਹੈ ਉਸ ਦਾ ਤਿਲਿਸਮੀ ਹੰਕਾਰ। ਕਿਸੇ ਦੇ ਸਾਹਮਣੇ ਆਪਣੀ ਔਕਾਤ ਦਿਖਾਉਣਾ, ਆਪਣੇ ਆਪ ਦੀ ਹੇਠੀ, ਧਾਰਮਿਕ ਆਸਥਾ ਦੀ ਬਦਖੋਈ, ਖ਼ੁਦ ਦੀ ਦੁਰਦਸ਼ਾ, ਅੰਤਰੀਵ ਦਾ ਲਹੂ-ਲੁਹਾਨ ਹੋਣਾ ਅਤੇ ਆਪਣੇ ਅੰਦਰਲੇ ਸੋਗ ਦਾ ਪਤਾ ਹੀ ਨਾ ਹੋਣਾ। ਆਪਣੇ ਸਾਹਵੇਂ ਨਮੋਸ਼ੀ ਅਤੇ ਮਨ ਨੂੰ ਮੱਲ੍ਹੀ ਬੈਠੀ ਖ਼ਾਮੋਸ਼ੀ, ਬੋਲਾਂ 'ਚ ਅੱਗ ਉਗਲਦਾ ਆਪਾ, ਅਤੇ ਆਪਣੇ ਹੀ ਸਾਹ-ਸਾਜ਼ਾਂ ਲਈ ਸਿਆਪਾ, ਨੈਣਾਂ ਵਿਚ ਜੰਮਿਆ ਭੈਅ ਅਤੇ ਕਰਮਾਂ ਵਿਚ ਕੁਕਰਮਾਂ ਦਾ ਕੁਹਰਾਮ।

'ਕੇਰਾਂ ਮੈਂ ਔਕਾਤ ਨੂੰ ਮਿਲਿਆ
ਉਸ ਦੇ ਸਨਮੁੱਖ ਹੋ
ਉਸਨੂੰ ਪੁੱਛਿਆ
ਕਿ ਦੱਸ ਤਾਂ ਸਹੀ
ਤੇਰੀ ਉਹਨੂੰ 'ਚ ਮੇਰੀ ਔਕਾਤ ਕੀ ਏ?
ਔਕਾਤ ਨੇ ਮੈਨੂੰ ਕਿਹਾ,
ਮੈਨੂੰ ਦੱਸਣ ਦੀ ਲੋੜ ਹੀ ਨਹੀਂ,
ਕਦੇ ਤੂੰ ਆਪਣੇ ਆਪ ਨੂੰ ਮਿਲੀਂ ,
ਅਤੇ ਖ਼ੁਦ ਨੂੰ ਪੁੱਛੀਂ
ਕਿ ਤੂੰ ਕਿੰਨਿਆਂ ਦੇ ਅੱਥਰੂ ਪੂੰਝੇ ਨੇ?
ਕਦੇ ਮਾਂ ਬਾਪ ਕੋਲ ਬਹਿ ਕੇ
ਉਨ੍ਹਾਂ ਦਾ ਹਾਲ ਚਾਲ ਪੁੱਛਿਆ
ਤੇ ਆਪਣਾ ਦੁੱਖ-ਸੁੱਖ ਦੱਸਿਆ?
ਮਾਪਿਆਂ ਦੀ ਜੀਵਨ-ਗਾਥਾ ਨੂੰ
ਕਦੇ ਚੇਤਨਾ 'ਚ ਉਲਥਾਇਆ?
ਕੀ ਮਾਂ ਦੀਆਂ ਅਸੀਸਾਂ
ਤੇ ਬਾਪ ਦੀ ਮਾਣੀ ਛਾਂ ਦਾ ਸ਼ੁਕਰ ਕੀਤਾ?
ਕੀ ਕਦੇ ਕਿਸੇ ਦੇ
ਜੀਵਨ-ਰਾਹ ਦੇ ਰੋੜਿਆਂ ਨੂੰ ਹਟਾਇਆ?
ਪੈਰਾਂ 'ਚ ਪੁੜੇ ਕੰਡੇ ਨੂੰ ਕੱਢਿਆ?
ਲੀਰਾਂ ਹੋਈ ਪੱਤ ਦਾ ਕੱਜਣ ਬਣਿਆਂ?
ਖੇਤਾਂ ਵਿਚ ਉੱਗਦੀਆਂ ਖ਼ੁਦਕੁਸ਼ੀਆਂ ਦੀ ਗੱਲ ਕੀਤੀ?
ਝੁੱਗੀਆਂ ਦੇ ਉੱਡਦੇ ਕੱਖਾਂ-ਕਾਨਿਆਂ ਨੂੰ ਮੁਖ਼ਾਤਬ ਹੋਇਆਂ?
ਛਤੀਰ ਨਾਲ ਲਟਕਦੀ ਲਾਸ਼ ਦੀਆਂ ਅੱਖਾਂ 'ਚ ਝਾਕਿਆ?
ਅਬਲਾ ਦੇ ਦੀਦਿਆਂ 'ਚ ਲਟਕਦੇ ਅੱਥਰੂਆਂ ਦੀ ਕਥਾ ਪੜ੍ਹੀ?
ਰਿਸਦੇ ਜ਼ਖ਼ਮ ਦੀ ਚੀਸ ਨੂੰ ਪਿੰਡੇ 'ਤੇ ਹੰਢਾਇਆ?
ਕਦੇ ਬੋਲਾਂ ਵਿਚ ਹਮਦਰਦੀ ਦਾ ਨਾਦ ਪੈਦਾ ਹੋਇਆ?
ਨਫ਼ਰਤੀ ਯੁੱਗ ਵਿਚ ਪਿਆਰ ਦਾ ਨਗ਼ਮਾ ਗਾਇਆ?
ਜਾਤਾਂ, ਨਸਲਾਂ, ਅਤੇ ਧਰਮਾਂ ਦੀ ਵਰਨ ਵੰਡ ਵਿਚ
ਸਾਂਝੀਵਾਲਤਾ ਦਾ ਸੁਨੇਹਾ ਦਿੱਤਾ?
ਸ਼ਬਦਾਂ ਵਿਚ ਅਰਥਾਂ ਦੇ ਚਿਰਾਗ਼ ਧਰੇ?
ਬੋਲਾਂ ਵਿਚ ਅਨਾਥ ਬੱਚਿਆਂ ਦੀ ਲਿਲ੍ਹਕੜੀ ਗੂੰਜੀ?
ਕਦੇ ਆਪਣੇ ਆਪ ਨੂੰ ਮਿਲਿਆਂ?
ਕੀਰਤੀ 'ਚੋਂ ਚੰਗਿਆਈ ਦੀ ਕਸ਼ੀਦਗੀ ਕੀਤੀ?
ਕਹਿੰਦਿਆਂ ਕਹਿੰਦਿਆਂ......
ਔਕਾਤ ਖ਼ਾਮੋਸ਼ ਹੋ ਗਈ

ਮੈਨੂੰ ਮੇਰੀ ਔਕਾਤ ਪਤਾ ਲੱਗ ਗਈ। ਸਨਿਮਰੀ ਔਕਾਤ ਵਾਲੇ ਵਿਅਕਤੀ ਨਿਰਭਉ ਅਤੇ ਨਿਰਵੈਰ ਦਾ ਨਗ਼ਮਾ। ਜੀਵਨ-ਨਾਦ ਦਾ ਗੀਤ। ਕਲਾਮਈ ਵਰਤਾਰਿਆਂ ਦੀ ਕਾਵਿਕ-ਅਰਾਧਨਾ। ਨਿਮਰਤਾ ਦੀ ਕਸ਼ਿਸ਼। ਸੰਤੁਸ਼ਟੀ, ਸਹਿਜ ਤੇ ਸੰਤੋਖੀ ਪੁਣੇ ਦਾ ਸਮਤੋਲ ਅਤੇ ਸਰੂਪ। ਸਿਆਣਪ ਤੇ ਸਮਝ ਦਾ ਸੰਗਮ। ਜੀਵਨੀ ਦਾਰਸ਼ਨਿਕਤਾ ਦਾ ਮਹਾਂਕਾਵਿ। ਦਯਾ ਤੇ ਦਰਿਆ-ਦਿਲੀ ਦੀ ਦਿਲਗੀਰੀ। ਮੁਹੱਬਤ ਦਾ ਮੁਜੱਸਮਾ ਅਤੇ ਪਿਆਰ ਪਾਕੀਜ਼ਗੀ ਦੀ ਪਾਹੁਲ। ਕੀ ਤੁਸੀਂ ਅਜਿਹੀ ਔਕਾਤ ਨੂੰ ਆਪਣੀ ਸੋਚ ਵਿਚ ਚਿੱਤਵਿਆ ਜਾਂ ਅਜਿਹੀ ਔਕਾਤ ਦਾ ਸਜੀਲਾ ਬਿੰਬ ਹੋ? ਸੋਚਣਾ ਜ਼ਰੂਰ। ਬਹੁਤ ਕੁਝ ਤੁਹਾਡੇ ਮਸਤਕ ਵਿਚ ਖ਼ੁਦ-ਬਖ਼ੁਦ ਪ੍ਰਗਟ ਹੋ ਜਾਵੇਗਾ ਅਤੇ ਤੁਸੀਂ ਉਸ ਔਕਾਤ ਦਾ ਮਾਣ ਹੋਵੋਗੇ ਜਿਸ ਦੀ ਤਮੰਨਾ ਤੁਹਾਡਾ ਦਿਲ ਕਰਦਾ ਹੈ।



ਕਵਿਤਰੀ ਜਸ ਪ੍ਰੀਤ ਔਕਾਤ, ਕਿਸੇ ਦੀਆਂ ਲੋੜਾਂ ਥੋੜਾਂ ਵਿਚ ਪਸੀਜਣਾ। ਦਾਨ ਲਈ ਪਹਿਲ। ਦਸਵੰਧ ਦੀ ਕਰਮ ਯੋਗਤਾ। ਡਿਗਦੇ ਲਈ ਸਹਾਰਾ। ਜ਼ਖ਼ਮ ਲਈ ਮਰਹਮ। ਪੀੜ ਲਈ ਦੁਆ ਅਤੇ ਦਵਾ। ਹਉਕੇ ਲਈ ਦਿਲਾਸਾ, ਟੁੱਟਦੇ ਲਈ ਢਾਰਸ, ਤਿੜਕਣ ਵਿਚ ਧਰਵਾਸ, ਬੇਆਸੇ ਲਈ ਆਸ ਅਤੇ ਬੇਔਕਾਤੇ ਨੂੰ ਔਕਾਤ ਨਾਲ ਵਰੋਸਾਉਣਾ। 'ਕੇਰਾਂ, ਟੀਵੀ 'ਤੇ ਇਕ ਪ੍ਰੋਗਰਾਮ ਦੇਖਦਿਆਂ, ਕਿਸੇ ਮੁਕਾਬਲੇ ਵਿਚ ਭਾਗ ਲੈਣ ਵਾਲੇ ਜਵਾਕ ਦੇ ਬੋਲ ਮੇਰੀ ਰੂਹ ਨੂੰ ਝੰਬ ਗਏ ਅੱਖਾਂ ਸਿੱਲ੍ਹੀਆਂ ਹੋ ਗਈਆਂ ਅਤੇ ਸੋਚਾਂ ਵਿਚ ਤੂਫ਼ਾਨ ਉਮਡਿਆ। ਆਮ ਲੋਕਾਂ ਦੀ ਨੀਚਤਾ ਉੱਪਰ ਰੋਣਾ ਆਇਆ ਅਤੇ ਕਿਸੇ ਦੀ ਪੀੜਾ ਵਿਚੋਂ ਖ਼ੁਦ ਲਈ ਖ਼ੁਸ਼ੀ ਭਾਲਣ ਵਾਲਿਆਂ ਦੀ ਸੋਚ 'ਤੇ ਸ਼ਰਮਸਾਰੀ ਵੀ। ਹੋਠਾਂ ਤੇ ਚੁੱਪ ਅਤੇ ਇਹ ਚੁੱਪ ਮੇਰੇ ਅੰਤਰੀਵ ਵਿਚ ਉਤਰ, ਮੈਨੂੰ ਕੁਰੇਦਣ ਲੱਗੀ। 11 ਕੁ ਸਾਲ ਦੇ ਜਵਾਕ ਦਾ ਕਹਿਣਾ ਸੀ ਕਿ ਮੇਰੇ ਕਲਾਸ ਦੇ ਸਾਥੀ ਅਤੇ ਆਂਢ-ਗੁਆਂਢ ਦੇ ਲੋਕ ਅਕਸਰ ਕਹਿੰਦੇ ਨੇ ਕਿ ਤੇਰਾ ਔਕਾਤ ਹੀ ਕੀ ਆ? ਤੂੰ ਹੈ ਹੀ ਕੀ? ਤੈਨੂੰ ਕਿਹਨੇ ਪੁੱਛਣਾ? ਕੀਹਨੇ ਪਛਾਣਨਾ? ਤੇ ਬੱਚੇ ਨੇ ਮਾਸੂਮ ਜਿਹਾ ਜਵਾਬ ਦਿੱਤਾ ਕਿ ਮੈਂ ਸੋਚਦਾ ਸਾਂ ਕਿ ਔਕਾਤ ਕੋਈ ਬਹੁਤ ਹੀ ਮਹਿੰਗੀ ਚੀਜ਼ ਹੋਣਾ ਆ, ਜਿਹੜੀ ਮੇਰੇ ਗ਼ਰੀਬ ਮਾਪੇ ਖ਼ਰੀਦ ਨਹੀਂ ਸਕਦੇ। ਤਾਂ ਹੀ ਮੇਰੀ ਕੋਈ ਔਕਾਤ ਨਹੀਂ? ਮੈਂ ਤਾਂ ਆਪਣੀ ਔਕਾਤ ਨੂੰ ਭਾਲਣ ਲਈ ਹੀ ਇਸ ਮੁਕਾਬਲੇ ਵਿਚ ਆਇਆ ਹਾਂ। ਕਾਸ਼! ਮੈਨੂੰ ਪਤਾ ਲੱਗ ਜਾਵੇ ਕਿ ਮੇਰੀ ਔਕਾਤ ਕੀ ਆ? ਤੇ ਇਹ ਸੁਣ ਕੇ ਮੁਕਾਬਲੇ ਦੇ ਜੱਜ ਅਤੇ ਸਰੋਤੇ ਖ਼ਾਮੋਸ਼ ਹੋ ਗਏ। ਸਾਰਿਆਂ ਦੀਆਂ ਅੱਖਾਂ ਸਿੱਲ੍ਹੀਆਂ ਹੋ ਗਈਆਂ ਅਤੇ ਮਨਾਂ ਵਿਚ ਉੱਠੀ ਚੀਸ ਨੇ ਹਾਜ਼ਰੀਨ ਦੇ ਚਿਹਰਿਆਂ ਨੂੰ ਰੁਆਂਸ ਦਿੱਤਾ। ਜ਼ਰਾ ਸੋਚਣਾ! ਬੱਚੇ ਨੂੰ ਔਕਾਤ ਦੱਸਣ ਅਤੇ ਪੁੱਛਣ ਵਾਲਿਆਂ ਦੀ ਆਪਣੀ ਕੀ ਔਕਾਤ ਹੋਵੇਗੀ? ਬੱਚੇ ਦੇ ਮਨ 'ਤੇ ਕੀ ਬੀਤੀ ਹੋਵੇਗੀ ਜਦ ਉਸ ਨੂੰ ਔਕਾਤ ਦਾ ਮਿਹਣਾ ਮਾਰਿਆ ਹੋਵੇਗਾ? ਉਸ ਦਾ ਦਿਲ ਤਾਂ ਜ਼ਾਰ-ਜ਼ਾਰ ਰੋਇਆ ਹੋਵੇਗਾ। ਇਕ ਡੂੰਘਾ ਜ਼ਖ਼ਮ ਉਸ ਦੇ ਅੰਦਰ ਅਮੀਰਜ਼ਾਦਿਆਂ ਦੀ ਰਖੇਲ ਅਤੇ ਨਾ ਹੀ ਕਿਸੇ ਕੌਮ, ਮਜ਼੍ਹਬ, ਧਰਮ, ਵਰਨ ਜਾਂ ਜਾਤ ਦੀ ਗ਼ੁਲਾਮ। ਔਕਾਤ ਵਿਰਾਸਤ ਵਿਚ ਵੀ ਨਹੀਂ ਮਿਲਦੀ। ਇਹ ਤਾਂ ਖ਼ੁਦ ਕਮਾਉਣੀ ਪੈਂਦੀ, ਆਪਣੀ ਸਾਵੀਂ ਤੇ ਸੱਚੀ ਸੋਚ, ਸੁੰਦਰ ਵਿਚਾਰ, ਸ਼ੁੱਭ-ਕਰਮ, ਸਚਿਆਰਾ ਅਚਾਰ-ਵਿਵਹਾਰ, ਸਿਰਜਣ ਸਮਰੱਥਾ ਅਤੇ ਤੱਕੜੀ ਤਪੱਸਿਆ ਨਾਲ। ਔਕਾਤ ਦਾ ਗੱਲਬਾਤ ਵਿਚੋਂ ਪਤਾ ਨਹੀਂ ਲੱਗਦਾ। ਪਰ ਤੁਹਾਡਾ ਲੋਕਾਂ ਪ੍ਰਤੀ ਕੀ ਵਿਵਹਾਰ ਹੈ, ਤੁਹਾਡੀ ਔਕਾਤ ਦੀ ਚੁਗ਼ਲੀ ਕਰ ਜਾਂਦਾ। ਆਪਣੀ ਹੈਸੀਅਤ ਨੂੰ ਐਸੀ ਬਣਾਓ ਕਿ ਤੁਹਾਨੂੰ ਮਿਲਣ ਵਾਲਾ ਆਪਣੀ ਔਕਾਤ ਹੀ ਭੁੱਲ ਜਾਵੇ। ਤੁਹਾਡਾ ਵਿਅਕਤੀਤਵ ਅਜੇਹਾ ਹੋਵੇ ਕਿ ਬੰਦਾ ਅਪਣਾ ਜਾਤ ਹੀ ਭੁੱਲ ਜਾਵੇ। ਤੁਹਾਡੀ ਮੁੱਖ 'ਤੇ ਇੰਨਾ ਨੂਰ ਹੋਵੇ ਕਿਸੇ ਨੂੰ ਵਿਹੜੇ ਉੱਤਰੀ ਪ੍ਰਭਾਤ ਹੀ ਭੁੱਲ ਜਾਵੇ। ਕੁਝ ਲੋਕਾਂ ਨੂੰ ਇੰਨਾ ਫ਼ਤੂਰ ਹੁੰਦਾ ਕਿ ਉਹ ਅਕਸਰ ਹੀ ਕਿਸੇ ਨੂੰ ਕਹਿ ਦਿੰਦੇ ਕਿ ਮੇਰੀ ਔਕਾਤ ਦਾ ਅੰਦਾਜ਼ਾ ਲਗਾਉਣਾ ਤਾਂ ਤੇਰੀ ਔਕਾਤ ਹੀ ਨਹੀਂ ਹੈ। ਬੰਦਿਆ! ਤੂੰ ਕਿਹੜੇ ਧਨ-ਦੌਲਤ ਸਦਕਾ ਆਪਣੀ ਔਕਾਤ ਦੀਆਂ ਡੀਂਗਾਂ ਮਾਰਦਾਂ। ਯਾਦ ਕਰਿਆ ਕਿ ਕਫ਼ਨ ਦੀ ਜੇਬ ਨਹੀਂ ਹੁੰਦੀ। ਸੁੱਕੇ ਪੱਤਿਆਂ ਨੂੰ ਤਾਂ ਟਾਹਣੀ ਵੀ ਆਪਣੇ ਕੋਲ ਨਹੀਂ ਰੱਖਦੀ। ਔਕਾਤ ਵਿਚ ਰਹਿਣ ਵਾਲੇ ਲੋਕ ਆਪਣੀ ਔਕਾਤ ਦੀਆਂ ਕਦੇ ਵੀ ਗੱਲਾਂ ਨਹੀਂ ਕਰਦੇ। ਉਨ੍ਹਾਂ ਦੀ ਔਕਾਤ ਨੂੰ ਕਿਸੇ ਨੂੰ ਦੱਸਣ, ਦਿਖਾਉਣ ਜਾਂ ਅਸਰ-ਅੰਦਾਜ਼ ਕਰਨ ਦੀ ਲੋੜ ਹੀ ਨਹੀਂ ਹੁੰਦੀ। ਰਾਹ ਜਾਂਦਿਆਂ ਠੇਡਾ ਖਾ ਕੇ ਡਿਗਣਾ, ਕਦੇ ਕਿਸੇ ਮਿਸ਼ਨ ਵਿਚ ਫ਼ੇਲ੍ਹ ਹੋ ਜਾਣਾ ਜਾਂ ਅਚਨਚੇਤ ਮਿਲੀ ਅਸਫਲਤਾ ਨਿਆਮਤ ਹੁੰਦੀ ਕਿਉਂਕਿ ਅਜੇਹੇ ਮੌਕਿਆਂ ਤੇ ਮਨੁੱਖ ਨੂੰ ਆਪਣੀ ਔਕਾਤ ਦਾ ਪਤਾ ਲੱਗ ਜਾਂਦਾ। ਸਿਆਣਾ ਬੰਦਾ ਔਕਾਤ ਹੀ ਭੁੱਲ ਜਾਵੇ ਇੰਨਾ ਤਾਂ ਉਹ ਅਮੀਰ ਨਹੀਂ ਹੁੰਦਾ। ਪਰ ਕੋਈ ਉਸ ਨੂੰ ਉਸ ਦੀ ਔਕਾਤ ਬਾਰੇ ਕੁਝ ਕਹੇ, ਕਦੇ ਅਜੇਹਾ ਵੀ ਫ਼ਕੀਰ ਨਹੀਂ ਹੁੰਦਾ। ਹਰ ਬੰਦੇ ਦੀ ਕੋਈ ਨਾ ਕੋਈ ਤਾਂ ਔਕਾਤ ਹੁੰਦੀ ਹੀ ਆ। ਰਿਸ਼ਤੇ ਉਨ੍ਹਾਂ ਨਾਲ ਬਣਾਓ, ਸੰਬੰਧ ਅਜੇਹਿਆਂ ਨਾਲ ਸਥਾਪਤ ਕਰੋ ਜ਼ਿੰਦਗੀ ਦੇ ਅਨਮੋਲ ਹੀਰੇ। ਔਕਾਤ ਤੋਂ ਬਾਹਰ ਜਾ ਕੇ ਆਪਣੀ ਹਉਮੈਂ, ਅਹੰਕਾਰ ਤੇ ਮੈਂ ਨੂੰ ਮੋਹਰੀ ਬਣਾਉਣ ਵਾਲੇ, ਜੀਵਨ ਦੇ ਨਾਲਾਇਕ ਪੁੱਤ। ਅਜੇਹੇ ਲੋਕ ਆਪਣੇ ਅਮਾਨਵੀ ਵਿਹਾਰ ਨਾਲ ਇਨਸਾਨੀਅਤ ਤੋਂ ਗਿਰਨ ਲੱਗਿਆਂ ਪਲ ਵੀ ਨਹੀਂ ਲਾਉਂਦੇ। ਦਰਅਸਲ ਇਹ ਮਨੁੱਖਤਾ ਦੇ ਮੱਥੇ ਤੇ ਲੱਗਿਆ ਇਕ ਧੱਬਾ ਹੁੰਦੇ। ਜਦ ਕੋਈ ਹੈਂਕੜਬਾਜ਼ ਕਿਸੇ ਗ਼ਰੀਬ, ਸ਼ਰੀਫ਼, ਇਮਾਨਦਾਰ ਜਾਂ ਸੱਚੇ ਵਿਅਕਤੀ ਨੂੰ ਕਹੇ ਕਿ ਮੈਂ ਤੈਨੂੰ ਤੇਰੀ ਔਕਾਤ ਦੱਸਣਾ ਚਾਹੁੰਦਾ ਹਾਂ। ਤੂੰ ਆਪਣੀ ਔਕਾਤ ਵਿਚ ਰਹਿ। ਜਾਂ ਕਹੇ ਕਿ ਮੈਂ ਜਾਣਦਾ ਹਾਂ ਕਿ ਤੇਰੀ ਔਕਾਤ ਕੀ ਏ, ਤਾਂ ਸਮਝ ਜਾਣਾ ਕਿ ਹੈਂਕੜਬਾਜ਼ ਦੀ ਹੀ ਕੋਈ ਔਕਾਤ ਨਹੀਂ। ਯਾਦ ਰੱਖਣਾ ਕਿ ਜ਼ਿਆਦਾਤਰ ਝਗੜੇ, ਕਲੇਸ਼, ਰੋਸੇ, ਮਨ-ਮੁਟਾਈ, ਘ੍ਰਿਣਾ, ਮਨਮੁਖਾਂ ਜਾਂ ਦੁਸ਼ਮਣੀ ਦਾ ਪ੍ਰਗਟਾਵਾ, ਔਕਾਤ ਦਾ ਕਮੀਨਾ ਪ੍ਰਗਟਾਵਾ ਅਤੇ ਦੂਸਰੇ ਨੂੰ ਨੀਵਾਂ ਦਿਖਾਉਣ ਦੀ ਬਿਰਤੀ ਹੁੰਦੀ। ਲੋਕ ਆਪ ਵੱਡੇ ਨਹੀਂ ਹੋਣਾ ਚਾਹੁੰਦੇ ਸਗੋਂ ਉਹ ਉੱਪਰ ਉੱਠਣ ਵਾਲਿਆਂ ਨੂੰ ਨੀਵਾਂ ਸਾਬਤ ਕਰਨ ਲਈ ਕਿਸੇ ਦੀ ਔਕਾਤ ਨੂੰ ਨਿੰਦਣ ਅਤੇ ਬਦ ਖੋਹੀ ਕਰਨ ਤੀਕ ਉਤਾਰੂ ਹੋ ਜਾਂਦੇ। ਇਹ ਕੇਹੀ ਔਕਾਤ ਕਿ ਬੰਦਾ ਧਨ ਤੇ ਤਾਕਤ ਦੇ ਨਸ਼ੇ ਵਿਚ ਬਿਫ਼ਰਿਆ ਫਿਰੇ, ਸੜਕਾਂ ਤੇ ਪੈਦਲ ਜਾਂਦੇ ਜਾਂ ਸੜਕ ਨਿਕਾਰੇ ਸੁੱਤੇ ਹੋਏ ਘਰ-ਹੀਣਾ ਨੂੰ ਕਾਰ ਹੇਠ ਦਰੜੇ, ਦਾਰੂ ਦੀ ਲੋਰ 'ਚ ਕਾਨੂੰਨ ਦੀਆਂ ਧੱਜੀਆਂ ਉਡਾਏ, ਮਾਪਿਆਂ ਨੂੰ ਘਰੋਂ ਕੱਢ ਕੇ ਉਡਾਵਾ ਘਰਾਂ ਵਿਚ ਰੁਲਨ ਲਈ ਛੱਡੇ, ਉਨ੍ਹਾਂ ਦੇ ਜਾਅਲੀ ਅੰਗੂਠੇ ਲਗਵਾਏ ਅਤੇ ਜੱਦੀ ਜਾਇਦਾਦ ਤੋਂ ਆਪਣਿਆਂ ਨੂੰ ਹੀ ਮਹਿਰੂਮ ਕਰ, ਗੁਲਛਰੇ ਉਡਾਏ, ਅਧਰਮੀ ਹੁੰਦਿਆਂ ਖ਼ੁਦ ਨੂੰ ਧਰਮੀ ਅਖਵਾਏ, ਆਪਣਿਆਂ ਨੂੰ ਹੀ ਕੁੱਟੇ, ਲੁੱਟੇ ਅਤੇ ਕਬਰਾਂ ਪੁੱਟੇ। ਗ਼ਰੀਬਾਂ ਦੀਆਂ ਝੁੱਗੀਆਂ ਢਾਹੇ ਅਤੇ ਉਸ ਜਗਾ ਤੇ ਆਲੀਸ਼ਾਨ ਬੰਗਲਾ ਜਾਂ ਹੋਟਲ ਬਣਾਵੇ। ਮਾਇਕ ਲਾਭ ਖ਼ਾਤਰ ਲੋਕਾਂ ਦੇ ਧੀਆਂ ਪੁੱਤਾਂ ਨੂੰ ਨਸ਼ਿਆਂ ਤੇ ਲਾਵੇ ਅਤੇ ਫਿਰ ਉਨ੍ਹਾਂ ਦੀ ਲਾਸ਼ਾਂ ਤੇ ਮਗਰ ਮੱਛੀ ਅੱਥਰੂ ਵਹਾਏ।

# 77ਵੇਂ ਗਣਤੰਤਰ ਦਿਵਸ ਦੀ ਰਿਹਰਸਲ ਜਗਾਧਰੀ ਦੀ ਨਵੀਂ ਅਨਾਜ ਮੰਡੀ ਵਿਖੇ ਹੋਈ






ਯਮੁਨਾਨਗਰ, 25 ਜਨਵਰੀ (ਪ.ਪ) : ਜ਼ਿਲ੍ਹਾ ਪ੍ਰਸ਼ਾਸਨ ਨੇ 77ਵੇਂ ਗਣਤੰਤਰ ਦਿਵਸ ਨੂੰ ਬਹੁਤ ਉਤਸ਼ਾਹ ਅਤੇ ਜੋਸ਼ ਨਾਲ ਮਨਾਉਣ ਲਈ ਸਾਰੀਆਂ ਤਿਆਰੀਆਂ ਪੂਰੀਆਂ ਕਰ ਲਈਆਂ ਹਨ। ਅੱਜ, ਸਮਾਰੋਹ ਵਿੱਚ ਪੇਸ਼ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਰਿਹਰਸਲ ਨਵੀਂ ਅਨਾਜ ਮੰਡੀ ਵਿਖੇ ਕੀਤੀ ਗਈ, ਜਿਸ ਨੂੰ ਡਿਪਟੀ ਕਮਿਸ਼ਨਰ ਪ੍ਰੀਤੀ ਨੇ ਦੇਖਿਆ। ਉਨ੍ਹਾਂ ਝੰਡਾ ਲਹਿਰਾਇਆ ਅਤੇ ਪਰੇਡ ਦੀ ਸਲਾਮੀ ਲਈ। ਇਸ ਤੋਂ ਪਹਿਲਾਂ, ਉਹ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਜਗਾਧਰੀ ਦੇ ਪੁਲਿਸ ਲਾਈਨਾਂ ਵਿਖੇ ਸਥਿਤ ਸ਼ਹੀਦ ਸਮਾਰਕ ਦਾ ਦੌਰਾ ਕਰਨਗੇ। ਡਿਪਟੀ ਕਮਿਸ਼ਨਰ ਪ੍ਰੀਤੀ ਨੇ ਦੱਸਿਆ ਕਿ ਗਣਤੰਤਰ ਦਿਵਸ ਦੇ ਸ਼ੁਭ ਮੌਕੇ 'ਤੇ, ਹਰਿਆਣਾ ਦੇ ਊਰਜਾ, ਆਵਾਜਾਈ ਅਤੇ ਕਿਰਤ ਮੰਤਰੀ ਅਨਿਲ ਵਿਜ 26 ਜਨਵਰੀ ਨੂੰ ਸਵੇਰੇ 10 ਵਜੇ ਤੇਜਲੀ ਸਪੋਰਟਸ ਕੰਪਲੈਕਸ ਵਿਖੇ ਝੰਡਾ ਲਹਿਰਾਉਣਗੇ ਅਤੇ ਪਰੇਡ ਦਾ ਨਿਰੀਖਣ ਕਰਨਗੇ ਅਤੇ ਮਾਰਚ ਪਾਸਟ ਦੀ ਸਲਾਮੀ ਲੈਣਗੇ। ਇਸ ਤੋਂ ਪਹਿਲਾਂ, ਉਹ ਪੁਲਿਸ ਲਾਈਨ ਜਗਾਧਰੀ ਵਿਖੇ ਸਥਿਤ ਸ਼ਹੀਦ ਸਮਾਰਕ ਜਾਣਗੇ ਅਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨਗੇ। ਉਨ੍ਹਾਂ ਦੱਸਿਆ ਕਿ ਅੱਜ ਹੋਈ ਫੁੱਲ ਡਰੈੱਸ ਰਿਹਰਸਲ ਵਿੱਚ ਸਾਰੀਆਂ ਟੁਕੜੀਆਂ ਨੇ ਸ਼ਲਾਘਾਯੋਗ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗਣਤੰਤਰ ਦਿਵਸ ਦੇ ਮੌਕੇ 'ਤੇ, ਡੀਐਸਪੀ ਪੂਜਾ ਪਰੇਡ ਦੀ ਅਗਵਾਈ ਕਰੇਗੀ ਅਤੇ ਪਰੇਡ ਵਿੱਚ, ਪੁਰਸ਼ ਪੁਲਿਸ ਟੁਕੜੀ ਦੀ ਅਗਵਾਈ ਪੀਐਸਆਈ ਅਜੈ ਕੁਮਾਰ, ਮਹਿਲਾ ਪੁਲਿਸ ਟੁਕੜੀ ਦੀ ਅਗਵਾਈ ਪੀਐਸਆਈ ਰੁਚੀ, ਹੋਮ ਗਾਰਡ ਟੁਕੜੀ ਦੀ ਅਗਵਾਈ ਐਸਆਈ ਅਭਿਸ਼ੇਕ, ਐਨਸੀਸੀ ਕਰਨਗੇ। ਲੜਕਿਆਂ ਦੇ ਦਲ ਦੀ ਅਗਵਾਈ ਸੀਨੀਅਰ ਅੰਡਰ ਅਫ਼ਸਰ ਵਿਨੀਤ ਕੁਮਾਰ ਕਰਨਗੇ, ਐਨ.ਸੀ.ਸੀ. ਕੁੜੀਆਂ ਦੇ ਦਲ ਦੀ ਅਗਵਾਈ ਸੀਨੀਅਰ ਅੰਡਰ ਅਫ਼ਸਰ ਭੂਮੀ ਕਰਨਗੇ, ਭਾਰਤ ਸਕਾਊਟਸ ਦੇ ਦਲ ਦੀ ਅਗਵਾਈ ਗੌਡ ਬਲੈਸ ਪਬਲਿਕ ਸਕੂਲ ਦੇ ਆਗੂ ਕੁਮਾਰ ਗਗਨ ਕਰਨਗੇ, ਭਾਰਤ ਸਕਾਊਟਸ ਗਾਈਡਜ਼ ਦੇ ਕੁੜੀਆਂ ਦੇ ਦਲ ਦੀ ਅਗਵਾਈ ਗਾਈਡ ਆਗੂ ਕੁਮਾਰੀ ਸ਼ਿਵਾਨੀ ਕਰਨਗੇ, ਪ੍ਰਜਾਤੰਤਰ ਕੇ ਪ੍ਰਹਾਰੀ ਦਲ ਦੀ ਅਗਵਾਈ ਕੁਮਾਰੀ ਹੰਸਿਕਾ ਕਰਨਗੇ, ਅਤੇ ਗੁੱਜਰ ਕੰਨਿਆ ਵਿਦਿਆ ਮੰਦਰ ਦੇਵਧਰ ਬੈਂਡ ਦੀ ਅਗਵਾਈ ਕੁਮਾਰੀ ਜਾਨਵੀ ਕਰਨਗੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਆਜ਼ਾਦੀ ਘੁਲਾਟੀਆਂ ਅਤੇ ਯੁੱਧ ਦੇ ਸਾਬਕਾ ਸੈਨਿਕਾਂ ਦੇ ਨਾਲ-ਨਾਲ ਸ਼ਲਾਘਾਯੋਗ ਕੰਮ ਕਰਨ ਵਾਲੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਪ੍ਰੀਤੀ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹ ਦੌਰਾਨ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਸਮੂਹਿਕ ਸਰੀਰਕ ਕਸਰਤ ਅਤੇ ਡੰਬਲ ਸ਼ੋਅ ਕਰਨਗੇ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਦੀਆਂ ਵਿਕਾਸ ਅਤੇ ਲੋਕ ਭਲਾਈ ਨੀਤੀਆਂ ਅਤੇ ਵਿਕਾਸ ਨੂੰ ਦਰਸਾਉਂਦੀਆਂ ਵੱਖ-ਵੱਖ ਸਰਕਾਰੀ ਵਿਭਾਗਾਂ ਦੀਆਂ ਝਾਕੀਆਂ ਵੀ ਗਣਤੰਤਰ ਦਿਵਸ ਸਮਾਰੋਹਾਂ ਨੂੰ ਵਿਸ਼ੇਸ਼ ਛੋਹ ਦੇਣਗੀਆਂ। ਉਨ੍ਹਾਂ ਦੱਸਿਆ ਕਿ ਮੁਕੰਦ ਪਬਲਿਕ ਸਕੂਲ ਦੇ ਵਿਦਿਆਰਥੀ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਰੋਹਾਂ ਵਿੱਚ ਯੋਗ ਅਭਿਆਸਾਂ ਦਾ ਪ੍ਰਦਰਸ਼ਨ ਕਰਦੇ ਹੋਏ ਸੂਰਿਆ ਨਮਸਕਾਰ ਅਤੇ ਯੋਗਾ ਕਰਨਗੇ। ਉਨ੍ਹਾਂ ਦੱਸਿਆ ਕਿ ਨੈਸ਼ਨਲ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਵਿਭਿੰਨਤਾ ਵਿੱਚ ਏਕਤਾ ਦੇ ਵਿਸ਼ੇ 'ਤੇ ਪੇਸ਼ਕਾਰੀ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਸਬਜੀ ਮੰਡੀ ਦੀਆਂ ਵਿਦਿਆਰਥਣਾਂ ਵੱਲੋਂ ਹਰਿਆਣਵੀ ਨਾਚ, ਹੋਲੀ ਮਦਰ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਦੇਸ਼ ਭਗਤੀ 'ਤੇ ਆਧਾਰਿਤ ਕੋਰੀਓਗ੍ਰਾਫੀ, ਸਰਕਾਰੀ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਜਗਾਧਰੀ ਦੀਆਂ ਵਿਦਿਆਰਥਣਾਂ ਵੱਲੋਂ ਗਿੱਧਾ, ਗੁਜਰ ਕੰਨਿਆ ਵਿਦਿਆ ਮੰਦਰ ਦੇਵਧਰ ਦੀਆਂ ਵਿਦਿਆਰਥਣਾਂ ਵੱਲੋਂ ਦੇਸ਼ ਭਗਤੀ/ਰਾਸ਼ਟਰੀ ਏਕਤਾ 'ਤੇ ਆਧਾਰਿਤ ਨਾਟਕ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਪੁਲਿਸ ਸੁਪਰਡੈਂਟ ਕਮਲਦੀਪ ਗੋਇਲ, ਏਡੀਸੀ ਨਵੀਨ ਆਹੂਜਾ, ਐਸਡੀਐਮ ਜਗਾਧਰੀ ਵਿਸ਼ਵਨਾਥ, ਡੀਆਰਓ ਤਰੁਣ ਸਹੋਤਾ, ਡੀਡੀਪੀਓ ਨਰਿੰਦਰ ਸਿੰਘ, ਡੀਆਈਓ ਵਿਨੈ ਗੁਲਾਟੀ, ਜ਼ਿਲ੍ਹਾ ਸਿੱਖਿਆ ਅਧਿਕਾਰੀ ਪ੍ਰੇਮਲਤਾ, ਜ਼ਿਲ੍ਹਾ ਖੇਡ ਅਤੇ ਯੁਵਾ ਪ੍ਰੋਗਰਾਮ ਅਧਿਕਾਰੀ ਸ਼ਿਲਪਾ ਗੁਪਤਾ, ਡੀਆਈਪੀਆਰ ਡਾ. ਮਨੋਜ ਕੁਮਾਰ, ਜ਼ਿਲ੍ਹਾ ਰੈੱਡ ਕਰਾਸ ਕਮੇਟੀ ਦੇ ਸਕੱਤਰ ਰਣਧੀਰ ਸਿੰਘ, ਜ਼ਿਲ੍ਹਾ ਬਾਲ ਭਲਾਈ ਅਧਿਕਾਰੀ ਸੁਖਵਿੰਦਰ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਜਨਮ ਵਰ੍ਹੇਗੰਢ 'ਤੇ ਵਾਤਸਲਿਆ ਕੁਟੀਰ ਵਿਖੇ ਸਿਹਤ ਕੈਂਪ ਲਗਾਇਆ




ਕੁਰੂਕਸ਼ੇਤਰ, 25 ਜਨਵਰੀ (ਪ.ਪ) : ਮਹਾਨ ਆਜ਼ਾਦੀ ਘੁਲਾਟੀਏ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਜਨਮ ਵਰ੍ਹੇਗੰਢ ਦੇ ਮੌਕੇ 'ਤੇ, ਸਵਾਮੀ ਸ਼੍ਰੀ ਹਰੀਓਮ ਦਾਸ ਜੀ ਪਰਿਵਰਾਜਕ ਦੀ ਅਗਵਾਈ ਹੇਠ ਕੁਰੂਕਸ਼ੇਤਰ ਦੇ ਵਾਤਸਲਿਆ ਕੁਟੀਰ ਵਿਖੇ ਇੱਕ ਵਿਸ਼ੇਸ਼ ਸਿਹਤ ਕੈਂਪ ਲਗਾਇਆ ਗਿਆ। ਇਹ ਕੈਂਪ ਸੰਸਦ ਮੈਂਬਰ ਨਵੀਨ ਜਿੰਦਲ ਦੀ ਪਹਿਲਕਦਮੀ 'ਤੇ ਕੁਰੂਕਸ਼ੇਤਰ ਸੰਸਦੀ ਹਲਕੇ ਵਿੱਚ ਨਵੀਨ ਜਿੰਦਲ ਫਾਊਂਡੇਸ਼ਨ ਦੁਆਰਾ ਸੰਚਾਲਿਤ ਮੋਬਾਈਲ ਮੈਡੀਕਲ ਯੂਨਿਟ ਰਾਹੀਂ ਲਗਾਇਆ ਗਿਆ ਸੀ, ਅਤੇ ਵੱਡੀ ਗਿਣਤੀ ਵਿੱਚ ਲੋਕਾਂ ਨੇ ਮੁਫ਼ਤ ਸਿਹਤ ਸੇਵਾਵਾਂ ਦਾ ਲਾਭ ਉਠਾਇਆ। ਹਾਜ਼ਰੀਨ ਨੂੰ 23 ਜਨਵਰੀ ਨੂੰ ਰਾਸ਼ਟਰੀ ਝੰਡਾ ਅਧਿਕਾਰ ਦਿਵਸ ਬਾਰੇ ਵੀ ਜਾਗਰੂਕ ਕੀਤਾ ਗਿਆ।

ਪ੍ਰੋਗਰਾਮ ਦਾ ਉਦਘਾਟਨ ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜਕੁਮਾਰ ਸੈਣੀ ਨੇ ਕੀਤਾ, ਜਿਨ੍ਹਾਂ ਨੇ ਨੇਤਾਜੀ ਸੁਭਾਸ਼ ਚੰਦਰ ਬੋਸ ਦੀ ਤਸਵੀਰ 'ਤੇ ਫੁੱਲਮਾਲਾ ਭੇਟ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਨੇਤਾ ਜੀ ਦਾ ਜੀਵਨ ਦੇਸ਼ ਸੇਵਾ, ਕੁਰਬਾਨੀ ਅਤੇ ਹਿੰਮਤ ਦਾ ਪ੍ਰਤੀਕ ਹੈ ਅਤੇ ਉਨ੍ਹਾਂ ਦੇ ਜਨਮ ਦਿਵਸ 'ਤੇ ਸਮਾਜ ਸੇਵਾ ਰਾਹੀਂ ਉਨ੍ਹਾਂ ਨੂੰ ਯਾਦ ਕਰਨਾ ਇੱਕ ਸੱਚੀ ਸ਼ਰਧਾਂਜਲੀ ਹੈ। ਕੈਂਪ ਦੌਰਾਨ, ਮੋਬਾਈਲ ਮੈਡੀਕਲ ਯੂਨਿਟ ਨਾਲ ਤਾਇਨਾਤ ਡਾਕਟਰਾਂ ਦੀ ਟੀਮ ਨੇ ਆਮ ਸਿਹਤ ਜਾਂਚ ਕੀਤੀ ਅਤੇ ਜ਼ਰੂਰੀ ਡਾਕਟਰੀ ਸਲਾਹ ਦਿੱਤੀ। 75 ਲੋੜਵੰਦ ਵਿਅਕਤੀਆਂ ਨੂੰ ਮੁਫਤ ਦਵਾਈਆਂ ਵੀ ਵੰਡੀਆਂ ਗਈਆਂ। ਇਹ ਕੈਂਪ ਪੇਂਡੂ ਅਤੇ ਲੋੜਵੰਦਾਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਸਾਬਤ ਹੋਇਆ।

ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ, ਐਮਪੀ ਦਫ਼ਤਰ ਦੇ ਇੰਚਾਰਜ ਅਤੇ ਸਾਬਕਾ ਆਈਏਐਸ ਅਧਿਕਾਰੀ ਧਰਮਵੀਰ ਸਿੰਘ ਨੇ ਕਿਹਾ ਕਿ ਐਮਪੀ ਨਵੀਨ ਜਿੰਦਲ ਦਾ ਦ੍ਰਿਸ਼ਟੀਕੋਣ ਇਹ ਯਕੀਨੀ ਬਣਾਉਣਾ ਹੈ ਕਿ ਸਿਹਤ ਸੰਭਾਲ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚੇ, ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਨੂੰ ਵੀ ਇਲਾਜ ਦੀ ਘਾਟ ਕਾਰਨ ਮੁਸ਼ਕਲਾਂ ਦਾ ਸਾਹਮਣਾ ਨਾ ਕਰਨਾ ਪਵੇ। ਮੋਬਾਈਲ ਮੈਡੀਕਲ ਯੂਨਿਟ ਇਸ ਉਦੇਸ਼ ਨੂੰ ਪੂਰਾ ਕਰ ਰਿਹਾ ਹੈ ਅਤੇ ਲੋਕਾਂ ਨੂੰ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਲਗਾਤਾਰ ਪਹੁੰਚ ਕਰ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਜਨਮ ਦਿਵਸ ਵਰਗੇ ਮੌਕਿਆਂ 'ਤੇ ਸਮਾਜ ਸੇਵਾ ਸਮਾਗਮਾਂ ਦਾ ਆਯੋਜਨ ਰਾਸ਼ਟਰੀ ਸੇਵਾ ਦੀ ਭਾਵਨਾ ਨੂੰ ਹੋਰ ਮਜ਼ਬੂਤ ??ਕਰਦਾ ਹੈ। ਇਸ ਮੌਕੇ ਰਾਜਕੁਮਾਰ ਸੈਣੀ, ਓਮ ਪ੍ਰਕਾਸ਼ ਮਿੱਤਲ, ਓਮ ਪ੍ਰਕਾਸ਼ ਗੇਰਾ, ਸੰਤ ਰਾਜੇਂਦਰ, ਡਾ. ਦਿਨੇਸ਼, ਯੁਵਾ ਨੇਤਾ ਜਗਤਾਰ ਸਿੰਘ, ਪ੍ਰੋ. ਪੁਸ਼ਪਾ ਸੇਠੀ, ਸੁਰੇਸ਼ ਜੋਸ਼ੀ, ਰਾਕੇਸ਼ ਮਹਿਤਾ, ਡਾ. ਅਨੂਪ ਸਿੰਗਲਾ ਅਤੇ ਡਾ. ਹਰਿਵੰਸ਼ ਮਲਹੋਤਰਾ ਸਮੇਤ ਕਈ ਪਤਵੰਤੇ ਮੌਜੂਦ ਸਨ। ਸਾਰਿਆਂ ਨੇ ਨਵੀਨ ਜਿੰਦਲ ਫਾਊਂਡੇਸ਼ਨ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ, ਇਸਨੂੰ ਲੋਕ ਭਲਾਈ ਵੱਲ ਇੱਕ ਮਹੱਤਵਪੂਰਨ ਕਦਮ ਦੱਸਿਆ।

# ਇੱਕ ਸੜਕ ਹਾਦਸੇ ਨੇ ਨੰਬਰਦਾਰ ਰੂਪਰਾਮ ਜੈਪਾਲ ਦੀ ਜ਼ਿੰਦਗੀ ਬਦਲ ਦਿੱਤੀ

ਸਿਰਸਾ, 25 ਜਨਵਰੀ (ਪ.ਪ) : ਇੱਕ ਹਾਦਸੇ ਨੇ ਨੰਬਰਦਾਰ ਐਸੋਸੀਏਸ਼ਨ ਦੇ ਪ੍ਰਧਾਨ ਰੂਪਰਾਮ ਜੈਪਾਲ ਦੀ ਜ਼ਿੰਦਗੀ ਕਿਵੇਂ ਬਦਲ ਦਿੱਤੀ, ਇਹ ਆਪਣੇ ਆਪ ਵਿੱਚ ਇੱਕ ਉਦਾਹਰਣ ਹੈ। ਇੱਕ ਸੜਕ ਹਾਦਸੇ ਤੋਂ ਬਾਅਦ, ਉਨ੍ਹਾਂ ਦੀ ਜ਼ਿੰਦਗੀ ਨੇ ਅਜਿਹਾ ਮੋੜ ਲਿਆ ਕਿ ਅੱਜ ਉਹ ਸਮਾਜ ਸੇਵਾ ਦੇ ਖੇਤਰ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਹਨ, ਏਲਨਾਬਾਦ ਸ਼ਿਵ ਨੰਦੀਸ਼ਾਲਾ ਦੇ ਪ੍ਰਬੰਧਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ ਅਤੇ ਦੂਜਿਆਂ ਨੂੰ ਸਮਾਜ ਸੇਵਾ ਨਾਲ ਜੁੜ ਕੇ ਅੱਗੇ ਵਧਣ ਲਈ ਪ੍ਰੇਰਿਤ ਕਰਦੇ ਹਨ। ਨੰਬਰਦਾਰ ਰੂਪਰਾਮ ਜੈਪਾਲ ਨੇ ਦੱਸਿਆ ਕਿ ਉਹ 2013 ਵਿੱਚ ਇੱਕ ਸੜਕ ਹਾਦਸੇ ਵਿੱਚ ਸ਼ਾਮਲ ਹੋਏ ਸਨ ਜਦੋਂ ਇੱਕ ਬਲਦ ਉਨ੍ਹਾਂ ਦੇ ਵਾਹਨ ਦੇ ਅੱਗੇ ਭੱਜ ਗਿਆ ਸੀ। ਉਹ ਹਾਦਸੇ ਵਿੱਚ ਜ਼ਖਮੀ ਹੋ ਗਏ ਸਨ, ਪਰ ਠੀਕ ਹੋਣ ਤੋਂ ਬਾਅਦ, ਉਨ੍ਹਾਂ ਦੇ ਮਨ ਵਿੱਚ ਵਿਚਾਰ ਆਇਆ ਕਿ ਇਨ੍ਹਾਂ ਨੰਦੀਆਂ ਅਤੇ ਹੋਰ ਅਵਾਰਾ ਜਾਨਵਰਾਂ ਲਈ ਰਾਤ ਦੇ ਆਸਰਾ ਬਣਾਉਣ ਨਾਲ ਸੜਕ ਹਾਦਸੇ ਘੱਟ ਹੋਣਗੇ ਅਤੇ ਸਰਦੀਆਂ ਦੌਰਾਨ ਆਪਣੀਆਂ ਫਸਲਾਂ ਦੀ ਦੇਖਭਾਲ ਕਰਨ ਵਾਲੇ ਖੇਤਾਂ ਵਿੱਚ ਆਪਣੀ ਜ਼ਿੰਦਗੀ ਬਿਤਾਉਣ ਵਾਲੇ ਕਿਸਾਨਾਂ ਨੂੰ ਕਾਫ਼ੀ ਰਾਹਤ ਮਿਲੇਗੀ। ਨਤੀਜੇ ਵਜੋਂ, ਉਨ੍ਹਾਂ ਨੇ ਅਤੇ ਹਰੀਰਾਮ ਗੇਂਡਰ ਨੇ ਯਤਨ ਸ਼ੁਰੂ ਕੀਤੇ। 2013 ਵਿੱਚ, ਉਨ੍ਹਾਂ ਨੇ 10 ਏਕੜ ਜ਼ਮੀਨ ਕਿਰਾਏ 'ਤੇ ਲਈ ਅਤੇ ਲਗਭਗ 1,200 ਅਵਾਰਾ ਪਸ਼ੂਆਂ ਲਈ ਇੱਕ ਖੁੱਲ੍ਹੀ ਹਵਾ ਵਿੱਚ ਆਸਰਾ ਬਣਾਇਆ। ਫਿਰ ਉਨ੍ਹਾਂ ਨੇ ਇਸ ਸਮੱਸਿਆ ਦਾ ਸਥਾਈ ਹੱਲ ਮੰਗਦੇ ਹੋਏ ਐਸਡੀਐਮ ਰਾਹੀਂ ਮੁੱਖ ਮੰਤਰੀ ਨੂੰ



ਇੱਕ ਮੰਗ ਪੱਤਰ ਭੇਜਿਆ। ਫਿਰ ਉਹ ਹਿਸਾਰ ਵਿੱਚ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਮਿਲੇ ਅਤੇ ਹੱਲ ਦੀ ਮੰਗ ਕੀਤੀ। ਰੂਪਰਾਮ ਜੈਪਾਲ ਦੇ ਯਤਨ ਜਾਰੀ ਰਹੇ, ਅਤੇ ਏਲਨਾਬਾਦ ਦੀ ਆਪਣੀ ਫੇਰੀ ਦੌਰਾਨ, ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹੁੱਡਾ ਦੀ ਜ਼ਮੀਨ 'ਤੇ ਨੰਦੀ ਸ਼ਾਲਾ ਬਣਾਉਣ ਦੇ ਆਦੇਸ਼ ਦਿੱਤੇ। ਇਸ ਤੋਂ ਬਾਅਦ, 14 ਅਗਸਤ, 2017 ਨੂੰ, ਸਥਾਨਕ ਪ੍ਰਸ਼ਾਸਨ, ਨਗਰ ਨਿਗਮ, ਸਮਾਜਿਕ ਸੰਗਠਨਾਂ ਅਤੇ ਪ੍ਰਮੁੱਖ ਨਾਗਰਿਕਾਂ ਦੇ ਸਹਿਯੋਗ ਨਾਲ, ਇਸ ਨੰਦੀ ਸ਼ਾਲਾ ਨੂੰ ਹੁੱਡਾ ਦੀ ਜ਼ਮੀਨ 'ਤੇ ਖੁੱਲ੍ਹੀ ਹਵਾ ਵਿੱਚ ਖੋਲ੍ਹਿਆ ਗਿਆ। ਸਰਕਾਰ ਨੇ ਸ਼ੁਰੂ ਵਿੱਚ 35 ਕੁਇੰਟਲ ਤੂੜੀ ਪ੍ਰਦਾਨ ਕੀਤੀ, ਜਿਸਨੂੰ ਜਾਨਵਰਾਂ ਨੇ ਇੱਕ ਦਿਨ ਦੇ ਅੰਦਰ ਖਾ ਲਿਆ। ਇਸ ਤੋਂ ਬਾਅਦ, ਸਮਾਜ ਸੇਵਕਾਂ ਅਤੇ ਡਾ. ਐਨ.ਆਰ. ਸਿੱਧ ਨੇ ਵੀ ਆਪਣਾ ਸਮਰਥਨ ਦਿੱਤਾ। ਕਿਸਾਨਾਂ ਨੇ ਵੀ ਮਹੱਤਵਪੂਰਨ ਸਹਾਇਤਾ ਪ੍ਰਦਾਨ ਕੀਤੀ, ਜਿਸ ਨਾਲ ਜਾਨਵਰਾਂ ਅਤੇ ਤੂੜੀ ਲਈ ਸ਼ੈੱਡ ਬਣਾਏ ਗਏ। ਏਲਨਾਬਾਦ ਨੰਦੀ ਸ਼ਾਲਾ ਭਾਈਚਾਰੇ ਲਈ ਇੱਕ ਮਹੱਤਵਪੂਰਨ ਪ੍ਰੇਰਨਾ ਬਣ ਗਈ ਹੈ। ਸ਼ਿਵ ਨੰਦੀ ਸ਼ਾਲਾ ਸੇਵਾ ਟਰੱਸਟ ਸਰਕਾਰ ਨਾਲ ਰਜਿਸਟਰਡ ਹੈ, ਅਤੇ ਇਸਨੂੰ ਛੋਟੇ ਜਾਨਵਰਾਂ ਲਈ ਪ੍ਰਤੀ ਜਾਨਵਰ ਪ੍ਰਤੀ ਦਿਨ 10 ਅਤੇ ਵੱਡੇ ਜਾਨਵਰਾਂ ਲਈ ਪ੍ਰਤੀ ਜਾਨਵਰ ਪ੍ਰਤੀ ਦਿਨ 20 ਦੀ ਸਰਕਾਰੀ ਸਹਾਇਤਾ ਮਿਲਦੀ ਹੈ। ਨੰਦੀ ਸ਼ਾਲਾ ਦੇ ਡਾਇਰੈਕਟਰ ਰੂਪਰਾਮ ਜੈਪਾਲ ਨੇ ਕਿਹਾ ਕਿ ਉਨ੍ਹਾਂ ਦਾ ਧਿਆਨ ਹੁਣ ਸ਼ਿਵ ਨੰਦੀ ਸ਼ਾਲਾ ਵਿਖੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ 'ਤੇ ਹੈ।

ਇੱਥੇ ਪ੍ਰੋਜੈਕਟ ਸਥਾਪਤ ਕਰਕੇ, ਉਹ ÷ਕਿਸਾਨਾਂ ਨਾਲ ਸਹਾਇਤਾ, ਕਿਸਾਨਾਂ ਲਈ ਵਿਕਾਸ÷ ਦੇ ਨਾਅਰੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਨੰਦੀ ਸ਼ਾਲਾ ਵਿੱਚ ਹੁਣ ਲਗਭਗ 20 ਲੋਕ ਕੰਮ ਕਰ ਰਹੇ ਹਨ। ਸਮਾਜਿਕ ਵਰਕਰਾਂ ਅਤੇ ਸਰਕਾਰ ਦੇ ਸਹਿਯੋਗ ਨਾਲ, ਨੰਦੀ ਸ਼ਾਲਾ ਵਿਖੇ ਤੂੜੀ ਲਈ ਦੋ ਵੱਡੇ ਗੋਦਾਮ ਅਤੇ ਜਾਨਵਰਾਂ ਲਈ ਚਾਰ ਘੇਰੇ ਬਣਾਏ ਗਏ ਹਨ। ਨੰਬਰਦਾਰ ਰੂਪਰਾਮ ਜੈਪਾਲ ਹੁਣ ਹੋਰ ਜਾਨਵਰਾਂ ਦੀ ਵੀ ਰੱਖਿਆ ਕਰ ਰਿਹਾ ਹੈ, ਜਿਨ੍ਹਾਂ ਵਿੱਚ ਖਰਗੋਸ਼, ਨੀਲਗਾਈ, ਬੱਤਖਾਂ, ਬਾਂਦਰ, ਮੋਰ ਅਤੇ ਹੋਰ ਬਚਾਏ ਗਏ ਪੰਛੀ ਅਤੇ ਪੰਛੀ ਸ਼ਾਮਲ ਹਨ ਜੋ ਇੱਥੇ ਛੱਡੇ ਗਏ ਹਨ। ਪਸ਼ੂ ਪਾਲਣ ਵਿਭਾਗ ਦੀ ਟੀਮ ਪੂਰੀ ਸਹਾਇਤਾ ਪ੍ਰਦਾਨ ਕਰ ਰਹੀ ਹੈ। ਲੋਕ ਹੁਣ ਨੰਦੀ ਅਤੇ ਗਾਵਾਂ ਨੂੰ 1.25 ਗ੍ਰਾਮ ਚੌਲ ਖੁਆ ਕੇ ਆਪਣੇ ਜਨਮਦਿਨ ਅਤੇ ਵਿਆਹ ਦੀ ਵਰ੍ਹੇਗੰਢ ਮਨਾ ਰਹੇ ਹਨ।

# ਕਾਗਜ਼ੀ ਕਾਰਵਾਈ ਅਤੇ ਔਨਲਾਈਨ ਪੇਚੀਦਗੀਆਂ ਵਿੱਚ ਫਸੇ ਬਜ਼ੁਰਗ: ਸਵਰਨ ਸਿੰਘ

ਰਾਏਪੁਰ ਰਾਣੀ, 25 ਜਨਵਰੀ (ਪ.ਪ) : ਹਰਿਆਣਾ ਵਿੱਚ ਬਜ਼ੁਰਗਾਂ ਦੀ ਜੀਵਨ ਸ਼ੈਲੀ ਅਤੇ ਮਾਣ-ਸਨਮਾਨ ਖ਼ਤਰੇ ਵਿੱਚ ਹੈ। ਪੰਚਕੂਲਾ ਕਾਂਗਰਸ ਦੇ ਜ਼ਿਲ੍ਹਾ ਜਨਰਲ ਸਕੱਤਰ ਸਵਰਨ ਸਿੰਘ ਸੋਨੂੰ ਹਰਯੋਲੀ ਨੇ ਕਿਹਾ ਕਿ ਬਜ਼ੁਰਗਾਂ ਲਈ ਬੁਢਾਪਾ ਸਨਮਾਨ ਨਿਧੀ ਨੂੰ ਬੰਦ ਕਰਨਾ ਗਰੀਬਾਂ ਅਤੇ ਬੇਸਹਾਰਾ ਲੋਕਾਂ ਵਿਰੁੱਧ ਇੱਕ ਜ਼ਾਲਮ ਕਦਮ ਹੈ।



ਸਵਰਨ ਸਿੰਘ ਕਹਿੰਦੇ ਹਨ ਕਿ ਇਹ ਫੰਡ ਸਿਰਫ਼ ਵਿੱਤੀ ਸਹਾਇਤਾ ਨਹੀਂ ਹੈ, ਸਗੋਂ ਬਜ਼ੁਰਗਾਂ ਲਈ ਰੋਜ਼ੀ-ਰੋਟੀ ਅਤੇ ਸਵੈ-ਮਾਣ ਦਾ ਅੰਤਮ ਸਰੋਤ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੈਨਸ਼ਨ ਪ੍ਰਣਾਲੀ ਇੰਨੀ ਗੁੰਝਲਦਾਰ ਅਤੇ ਨਿਯਮਾਂ ਨਾਲ ਭਰੀ ਹੋਈ ਹੈ ਕਿ ਬਜ਼ੁਰਗ ਆਪਣੇ ਅਧਿਕਾਰਾਂ ਤੱਕ ਪਹੁੰਚ ਕਰਨ ਤੋਂ ਅਸਮਰੱਥ ਹਨ। ਸਰਕਾਰੀ ਦਫ਼ਤਰਾਂ ਦੇ ਲਗਾਤਾਰ ਦੌਰੇ ਅਤੇ ਲੰਬੀਆਂ ਪ੍ਰਕਿਰਿਆਵਾਂ ਉਨ੍ਹਾਂ ਨੂੰ ਥਕਾਵਟ ਅਤੇ ਨਿਰਾਸ਼ ਕਰਦੀਆਂ ਹਨ।

ਸਵਰਨ ਸਿੰਘ ਨੇ ਦੱਸਿਆ ਕਿ ਸੱਤਾ ਵਿੱਚ ਬੈਠੇ ਆਗੂਆਂ ਦੀਆਂ ਪੈਨਸ਼ਨਾਂ 'ਤੇ ਕਦੇ ਸਵਾਲ ਨਹੀਂ ਉਠਾਇਆ ਜਾਂਦਾ, ਜਦੋਂ ਕਿ ਗਰੀਬ ਬਜ਼ੁਰਗਾਂ ਲਈ ਮਾਮੂਲੀ ਸਨਮਾਨ ਨਿਧੀ ਨੂੰ ਖਤਮ ਕਰ ਦਿੱਤਾ ਗਿਆ, ਇਸਨੂੰ ਬੋਝ ਦੱਸਿਆ। ਬਜ਼ੁਰਗ ਦਵਾਈਆਂ, ਰਾਸ਼ਨ ਅਤੇ ਹੋਰ ਰੋਜ਼ਾਨਾ ਲੋੜਾਂ ਲਈ ਇਸ ਫੰਡ 'ਤੇ ਨਿਰਭਰ ਸਨ। ਹਾਲਾਂਕਿ, ਆਮਦਨੀ ਸਬੂਤ ਵਰਗੀਆਂ ਗੁੰਝਲਦਾਰ ਸ਼ਰਤਾਂ ਲਗਾ ਕੇ ਸਹਾਇਤਾ ਨੂੰ ਰੋਕਣਾ ਸਰਕਾਰ ਦੇ ਬੇਰਹਿਮ ਰਵੱਈਏ ਨੂੰ ਦਰਸਾਉਂਦਾ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਤੁਰੰਤ ਸਨਮਾਨ ਨਿਧੀ ਨੂੰ ਬਹਾਲ ਕਰੇ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਕਾਰਵਾਈ ਕਰੇ। ਉਨ੍ਹਾਂ ਇਹ ਵੀ ਚੇਤਾਵਨੀ ਦਿੱਤੀ ਕਿ ਜੇਕਰ ਬਜ਼ੁਰਗਾਂ ਦੇ ਅਧਿਕਾਰਾਂ ਅਤੇ ਸਨਮਾਨ ਦੀ ਉਲੰਘਣਾ ਹੁੰਦੀ ਰਹੀ, ਤਾਂ ਕਾਂਗਰਸ ਪਾਰਟੀ ਆਪਣੀ ਆਵਾਜ਼ ਬੁਲੰਦ ਕਰਨ ਲਈ ਲੋਕਤੰਤਰੀ ਢੰਗ ਨਾਲ ਸੜਕਾਂ 'ਤੇ ਉਤਰੇਗੀ।

# ਖੇਡ ਮੰਤਰੀ ਗੌਰਵ ਗੌਤਮ ਬਲਘਰ ਸਕੂਲ ਦੇ ਨਵੇਂ ਬਣੇ ਗਰਾਊਂਡ ਫਲੋਰ ਦਾ ਨੀਂਹ ਪੱਥਰ ਰੱਖਣ ਲਈ ਪਹੁੰਚੇ

ਕੁਰੂਕਸ਼ੇਤਰ, 25 ਜਨਵਰੀ (ਪ.ਪ) : ਬਸੰਤ ਪੰਚਮੀ ਦੇ ਮੌਕੇ 'ਤੇ, ਸ਼੍ਰੀਮਦ ਭਗਵਦ ਗੀਤਾ ਪ੍ਰਾਇਮਰੀ ਸਕੂਲ ਕੈਂਪਸ ਵਿੱਚ ਨਵੀਂ ਬਣੀ ਇਮਾਰਤ ਦੀ ਜ਼ਮੀਨੀ ਮੰਜ਼ਿਲ ਲਈ ਨੀਂਹ ਪੱਥਰ ਰੱਖਣ ਦੀ ਰਸਮ ਆਯੋਜਿਤ ਕੀਤੀ ਗਈ। ਖੇਡ ਮੰਤਰੀ ਗੌਰਵ ਗੌਤਮ ਮੁੱਖ ਮਹਿਮਾਨ ਸਨ। ਪ੍ਰੋਗਰਾਮ ਦੀ ਪ੍ਰਧਾਨਗੀ ਵਿਦਿਆ ਭਾਰਤੀ ਹਰਿਆਣਾ ਦੇ ਪ੍ਰਧਾਨ ਪ੍ਰੋਫੈਸਰ ਦੇਵ ਪ੍ਰਸਾਦ ਭਾਰਦਵਾਜ ਨੇ ਕੀਤੀ। ਵਿਸ਼ੇਸ਼ ਮਹਿਮਾਨਾਂ ਵਿੱਚ ਹਿੰਦੂ ਸਿੱਖਿਆ ਕਮੇਟੀ ਦੇ ਪ੍ਰਧਾਨ ਡਾ. ਰਿਸ਼ੀ ਰਾਜ ਵਸ਼ਿਸ਼ਟ ਅਤੇ ਮੁੱਖ ਬੁਲਾਰੇ ਡਾ. ਸੰਜੀਵ ਕੁਮਾਰ, ਸਕੂਲ ਪ੍ਰਬੰਧਨ ਕਮੇਟੀ ਦੇ ਮੈਨੇਜਰ ਜੀਵਨ ਮੌਂਦਗਿਲ, ਖਜ਼ਾਨਚੀ ਧੀਰਜ ਗੋਇਲ ਅਤੇ ਮੈਂਬਰ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਖੇਡ ਮੰਤਰੀ ਗੌਰਵ ਗੌਤਮ ਦੁਆਰਾ ਨਵੀਂ ਸਕੂਲ ਇਮਾਰਤ ਦਾ ਰਸਮੀ ਨੀਂਹ ਪੱਥਰ ਰੱਖਣ ਨਾਲ ਹੋਈ। ਸਮਾਰੋਹ ਤੋਂ ਬਾਅਦ ਦੀਵਾ ਜਗਾਇਆ ਗਿਆ ਅਤੇ ਦੇਵੀ ਸ਼ਾਰਦਾ ਦੀ ਪੂਜਾ ਕੀਤੀ ਗਈ। ਸਕੂਲ ਪ੍ਰਿੰਸੀਪਲ ਚੇਤਨਾ ਵਸ਼ਿਸ਼ਟ ਨੇ ਮੌਜੂਦ ਸਾਰੇ ਮਹਿਮਾਨਾਂ ਅਤੇ ਪਤਵੰਤਿਆਂ ਦੀ ਜਾਣ-ਪਛਾਣ ਕਰਵਾਈ ਅਤੇ ਉਨ੍ਹਾਂ ਦਾ ਸਵਾਗਤ ਅਤੇ ਧੰਨਵਾਦ ਕੀਤਾ। ਇਸ ਮੌਕੇ ਪਹਿਲੀ ਤੋਂ ਪੰਜਵੀਂ ਜਮਾਤ ਦੇ



ਵਿਦਿਆਰਥੀਆਂ ਨੇ ਯੋਗਾ, ਕਵਿਤਾ, ਪ੍ਰਾਰਥਨਾ ਅਤੇ ਸੱਭਿਆਚਾਰਕ ਗਤੀਵਿਧੀਆਂ ਕੀਤੀਆਂ। ਖੇਡ ਮੰਤਰੀ ਨੇ ਆਪਣੇ ਸੰਬੋਧਨ ਵਿੱਚ ਸਿੱਖਿਆ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਸਕੂਲ ਦੀ ਇਮਾਰਤ ਦੀ ਉਸਾਰੀ ਵਿਦਿਆਰਥੀਆਂ ਦੇ ਵਿਦਿਅਕ ਵਿਕਾਸ ਵਿੱਚ ਇੱਕ ਮੀਲ ਪੱਥਰ ਸਾਬਤ ਹੋਵੇਗੀ।

ਸਕੂਲ ਦੇ ਉੱਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਵਿਦਿਆ ਭਾਰਤੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ, ਜੋ 2047 ਵਿੱਚ ਭਾਰਤ ਹੋਣਗੀਆਂ, ਨੂੰ ਸਿੱਖਿਆ, ਕਦਰਾਂ-ਕੀਮਤਾਂ ਅਤੇ ਸਵਦੇਸ਼ੀ ਰਾਹੀਂ ਜਗਾਉਣ ਲਈ ਜੋ ਕੰਮ ਕਰ ਰਹੀ ਹੈ, ਉਹ ਸੱਚਮੁੱਚ ਸ਼ਲਾਘਾਯੋਗ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹੈ। ਆਪਣੇ ਸੰਬੋਧਨ ਵਿੱਚ, ਪ੍ਰੋਗਰਾਮ ਚੇਅਰਮੈਨ ਪ੍ਰੋ. ਦੇਵ ਪ੍ਰਸਾਦ ਭਾਰਦਵਾਜ, ਵਿਦਿਆ ਭਾਰਤੀ ਹਰਿਆਣਾ ਦੇ ਪ੍ਰਧਾਨ, ਨੇ ਬਸੰਤ ਪੰਚਮੀ ਦੇ ਸ਼ੁਭ ਮੌਕੇ 'ਤੇ ਸੱਦਾ ਦੇਣ ਲਈ ਸਕੂਲ ਪਰਿਵਾਰ ਦਾ ਧੰਨਵਾਦ ਕੀਤਾ ਅਤੇ ਨੀਂਹ ਪੱਥਰ ਸਮਾਗਮ ਲਈ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਵਿਸ਼ੇਸ਼ ਮਹਿਮਾਨ ਡਾ. ਰਿਸ਼ੀ ਰਾਜ ਵਸ਼ਿਸ਼ਟ ਨੇ ਸਕੂਲ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਅਤੇ ਆਪਣੀਆਂ ਸ਼ੁਭਕਾਮਨਾਵਾਂ ਦਿੱਤੀਆਂ। ਆਪਣੇ ਸੰਬੋਧਨ ਵਿੱਚ, ਮੁੱਖ ਬੁਲਾਰੇ ਡਾ. ਸੰਜੀਵ ਕੁਮਾਰ ਨੇ ਕਿਹਾ ਕਿ ਅਸੀਂ ਦੇਸ਼ ਵਿੱਚ ਜੋ ਬਦਲਾਅ ਲਿਆਉਣਾ ਚਾਹੁੰਦੇ ਹਾਂ, ਉਹ ਵਿਦਿਆਰਥੀਆਂ ਰਾਹੀਂ ਹੀ, ਚੰਗੇ ਮੁੱਲ ਪੈਦਾ ਕਰਕੇ ਅਤੇ ਮਿਆਰੀ ਸਿੱਖਿਆ ਪ੍ਰਦਾਨ ਕਰਕੇ ਹੀ ਪੂਰਾ ਕੀਤਾ ਜਾ ਸਕਦਾ ਹੈ। ਪੂਰਾ ਪ੍ਰੋਗਰਾਮ ਪ੍ਰਿੰਸੀਪਲ, ਆਚਾਰੀਆ ਗੀਤਾ ਅਤੇ ਸਾਰੇ ਅਧਿਆਪਕਾਂ ਦੀ ਅਗਵਾਈ ਹੇਠ ਕਰਵਾਇਆ ਗਿਆ। ਸਕੂਲ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਸਤਪਾਲ ਸ਼ਰਮਾ ਨੇ ਹਾਜ਼ਰ ਸਾਰੇ ਪਤਵੰਤਿਆਂ, ਮਾਪਿਆਂ ਅਤੇ ਸਟਾਫ਼ ਮੈਂਬਰਾਂ ਦਾ ਧੰਨਵਾਦ ਅਤੇ ਧੰਨਵਾਦ ਕੀਤਾ। ਪ੍ਰੋਗਰਾਮ ਸ਼ਾਂਤੀ ਪਾਠ ਨਾਲ ਸਮਾਪਤ ਹੋਇਆ।

# ਸਿੱਖਿਆ ਸੰਸਥਾਵਾਂ ਵਿੱਚ ਸੂਰਜ ਨਮਸਕਾਰ ਮੰਤਰ ਗੂੰਜਦਾ ਹੈ: ਡਾ. ਮੰਜੂ ਸ਼ਰਮਾ

ਕੁਰੂਕਸ਼ੇਤਰ, 25 ਜਨਵਰੀ (ਪ.ਪ) : ਆਯੁਸ਼, ਹਰਿਆਣਾ ਦੇ ਡਾਇਰੈਕਟਰ ਜਨਰਲ ਅਤੇ ਹਰਿਆਣਾ ਯੋਗ ਕਮਿਸ਼ਨ ਦੇ ਨਿਰਦੇਸ਼ਾਂ ਅਨੁਸਾਰ, ਅਤੇ ਜ਼ਿਲ੍ਹਾ ਆਯੁਰਵੈਦਿਕ ਅਧਿਕਾਰੀ, ਕੁਰੂਕਸ਼ੇਤਰ, ਡਾ. ਮੰਜੂ ਸ਼ਰਮਾ ਦੇ ਮਾਰਗਦਰਸ਼ਨ ਹੇਠ, ਆਯੁਸ਼ ਵਿਭਾਗ, ਕੁਰੂਕਸ਼ੇਤਰ, ਜ਼ਿਲ੍ਹੇ ਦੇ ਵੱਖ-ਵੱਖ ਵਿਦਿਅਕ ਸੰਸਥਾਵਾਂ ਅਤੇ ਜਨਤਕ ਸਥਾਨਾਂ 'ਤੇ ਸੂਰਜ ਨਮਸਕਾਰ ਪ੍ਰੋਗਰਾਮਾਂ ਦਾ ਆਯੋਜਨ ਕਰ ਰਿਹਾ ਹੈ। ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਉਦੇਸ਼ ਯੋਗ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਹੈ।ਡਾ. ਮੰਜੂ ਸ਼ਰਮਾ ਨੇ ਕਿਹਾ ਕਿ ਸੂਰਜ ਨਮਸਕਾਰ ਇੱਕ ਸੰਪੂਰਨ ਯੋਗ ਅਭਿਆਸ ਹੈ ਜੋ ਸਰੀਰ ਨੂੰ ਕਿਰਿਆਸ਼ੀਲ ਕਰਦਾ ਹੈ, ਮਨ ਨੂੰ ਕੇਂਦਰਿਤ ਕਰਦਾ ਹੈ ਅਤੇ ਜੀਵਨ ਨੂੰ ਊਰਜਾਵਾਨ ਬਣਾਉਂਦਾ ਹੈ।

# ਇੱਕ ਸਟੇਜ, ਦੋ ਨਵ-ਵਿਆਹੇ ਜੋੜੇ, ਬੇਅੰਤ ਖੁਸ਼ੀ

ਰਾਏਪੁਰ ਰਾਣੀ, 25 ਜਨਵਰੀ (ਪ.ਪ) : 25 ਸਾਲਾਂ ਦੀ ਪਰੰਪਰਾ ਨੂੰ ਜਾਰੀ ਰੱਖਦੇ ਹੋਏ, ਰਾਏਪੁਰ ਰਾਣੀ ਦੀ ਬ੍ਰਾਹਮਣ ਧਰਮਸ਼ਾਲਾ ਵਿੱਚ ਮਾਂ ਜਗਦੰਬਾ ਜਾਗਰਣ ਮੰਡਲੀ ਦੇ ਸਹਿਯੋਗ ਨਾਲ ਇੱਕ ਸਮੂਹਿਕ



ਵਿਆਹ ਸਮਾਰੋਹ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਹ ਸਮਾਗਮ ਸਵੇਰੇ 9 ਵਜੇ ਧਾਰਮਿਕ ਰਸਮਾਂ ਨਾਲ ਸ਼ੁਰੂ ਹੋਇਆ ਅਤੇ ਵਿਆਹ ਸਮਾਰੋਹ ਦੁਪਹਿਰ 12 ਵਜੇ ਵੈਦਿਕ ਜਾਪ ਦੇ ਵਿਚਕਾਰ ਸੰਪੰਨ ਹੋਇਆ। ਵਿਆਹ ਦੇ ਬੰਧਨ ਵਿੱਚ ਬੱਝਣ ਵਾਲਾ ਪਹਿਲਾ ਨਵ-ਵਿਆਹੁਤਾ ਜੋੜਾ ਟੋਡਾ ਦੇ ਰਹਿਣ ਵਾਲੇ ਚਰਨਜੀਤ ਦੀ ਧੀ ਨੇਹਾ ਰਾਣੀ ਅਤੇ ਕੁਰੂਕਸ਼ੇਤਰ ਦੇ ਰਹਿਣ ਵਾਲੇ ਚੰਦਾ ਰਾਮ ਦਾ ਪੁੱਤਰ ਨਰੇਸ਼ ਕੁਮਾਰ ਸੀ। ਦੂਜਾ ਜੋੜਾ, ਮੱਧਪੁਰ ਦੇ ਰਹਿਣ ਵਾਲੇ ਓਮਪਾਲ ਦੀ ਧੀ ਨਿਰਮਲਾ ਅਤੇ ਰਾਏਪੁਰ ਰਾਣੀ ਦੇ ਰਹਿਣ ਵਾਲੇ ਰਾਮੀ ਦਾ ਪੁੱਤਰ ਮੋਨੂ ਨੇ ਵੀ ਆਪਣਾ ਵਿਆਹ ਸੰਸਕਾਰ ਕੀਤਾ। ਦੁਪਹਿਰ 1 ਵਜੇ ਸਮੂਹਿਕ ਵਿਆਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਥਾਨਕ ਨਿਵਾਸੀਆਂ ਨੇ ਸ਼ਿਰਕਤ ਕੀਤੀ। ਇਹ ਸਮਾਗਮ ਸਮਾਜਿਕ ਸਦਭਾਵਨਾ ਅਤੇ ਉਤਸ਼ਾਹੀ ਮਾਹੌਲ ਨਾਲ ਭਰਪੂਰ ਸੀ। ਇਸ ਮੌਕੇ ਮਾਂ ਜਗਦੰਬਾ ਜਾਗਰਣ ਮੰਡਲ ਦੇ ਪ੍ਰਧਾਨ ਰਾਜੇਸ਼ ਕੁਮਾਰ ਧਾਰੀ, ਕੈਸ਼ੀਅਰ ਗੁਲਸ਼ਨ ਵਰਮਾ, ਸ਼ਸ਼ੀਕਾਂਤ ਅਰੋੜਾ, ਸੁੰਦਰ ਲਾਲ, ਮੋਨੂੰ ਸ਼ਰਮਾ, ਪਵਨ ਕਸ਼ਯਪ, ਗੁਲਸ਼ਨ ਵਰਮਾ, ਨਰਿੰਦਰ ਵਰਮਾ, ਵਿਸ਼ਾਲ ਅਗਰਵਾਲ, ਪ੍ਰਦੀਪ ਕੁਮਾਰ (ਸੇਵਾਮੁਕਤ ਸ਼ਾਖਾ ਪ੍ਰਬੰਧਕ), ਮਾਸਟਰ ਰਾਜਿੰਦਰ ਸ਼ਰਮਾ, ਮੁਕੇਸ਼ ਮੰਗਲ, ਪ੍ਰਵੀਨ ਸ਼ਰਮਾ, ਰਵਿੰਦਰ ਕਸ਼ਯਪ, ਪੰਡਿਤ ਸੰਤਰਾਮ ਸ਼ਰਮਾ, ਗੌਰਵ ਧਾਰੀ, ਆਯੁਸ਼ ਨਾਰੰਗ, ਸੁਰਜੀਤ ਸੈਣੀ, ਪ੍ਰਦੀਪ ਧਾਰੀ, ਪੰਕਜ ਅਗਰਵਾਲ ਅਤੇ ਹੋਰ ਮੈਂਬਰਾਂ ਨੇ ਸਰਗਰਮ ਭੂਮਿਕਾ ਨਿਭਾਈ। ਪ੍ਰਬੰਧਕਾਂ ਨੇ ਦੱਸਿਆ ਕਿ ਸਮੂਹਿਕ ਵਿਆਹ ਵਰਗੀਆਂ ਪਹਿਲਕਦਮੀਆਂ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਦੀਆਂ ਹਨ, ਅਤੇ ਨਵ-ਵਿਆਹੇ ਜੋੜੇ ਹੁਣ ਆਪਣੇ ਰੋਜ਼ਾਨਾ ਦੇ ਕੰਮਾਂ ਅਤੇ ਜ਼ਿੰਮੇਵਾਰੀਆਂ ਨੂੰ ਉਤਸ਼ਾਹ ਅਤੇ ਸਮਰਥਨ ਨਾਲ ਨਿਭਾ ਸਕਣਗੇ। ਕਮੇਟੀ ਨੇ ਸਾਰੇ ਇਲਾਕਾ ਨਿਵਾਸੀਆਂ, ਦਾਨੀਆਂ ਅਤੇ ਦਾਨੀ ਵਰਕਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਸਮਾਗਮ ਦੀ ਸਫਲਤਾ ਵਿੱਚ ਯੋਗਦਾਨ ਪਾਇਆ। ਸਮਾਰੋਹ ਦੇ ਅੰਤ 'ਤੇ, ਮੌਜੂਦ ਲੋਕਾਂ ਨੇ ਨਵ-ਵਿਆਹੇ ਜੋੜੇ ਨੂੰ ਅਸ਼ੀਰਵਾਦ ਦਿੱਤਾ ਅਤੇ ਉਨ੍ਹਾਂ ਦੇ ਖੁਸ਼ਹਾਲ, ਖੁਸ਼ਹਾਲ ਅਤੇ ਖੁਸ਼ਹਾਲ ਵਿਆਹੁਤਾ ਜੀਵਨ ਦੀ ਕਾਮਨਾ ਕੀਤੀ।

# ਇੱਕ ਫ਼ੈਸਲਾ

ਜਗਤਾਰ ਸਿੰਘ ਦੇ ਪੰਜ ਕੁੜੀਆਂ ਤੋਂ ਬਾਅਦ ਮੁੰਡਾ ਹੋਇਆ ਸੀ। ਛੋਟੀ ਕੁੜੀ ਵੀ ਤਿੰਨ ਸਾਲ ਦੀ ਹੋ ਗਈ ਸੀ। ਮੁੰਡੇ ਦੀ ਚਾਹਤ ਕਰਕੇ ਉਨ੍ਹਾਂ ਨੇ ਕਈ ਵੈਦਾਂ ਹਕੀਮਾਂ ਤੋਂ ਮੁੰਡਾ ਹੋਣ ਦੀਆਂ ਦਵਾਈਆਂ ਲਈਆਂ, ਜਿੱਥੇ ਕਿਸੇ ਨੇ ਦੱਸਿਆ ਉੱਥੇ ਮੱਥੇ ਟੇਕੇ। ਆਖ਼ਰ ਰੱਬ ਨੇ ਸੁਣ ਲਈ। ਜੱਸੇ ਦੇ ਹੋਣ ਨਾਲ ਮਿੱਸਾ ਜਿਹਾ ਪਰਿਵਾਰ ਬਣ ਗਿਆ ਸੀ। ਹੁਣ ਉਨ੍ਹਾਂ ਨੂੰ ਲੱਗਦਾ ਸੀ ਕਿ ਪਰਮਾਤਮਾ ਨੇ ਉਨ੍ਹਾਂ ਨੂੰ ਸਭ ਕੁਝ ਦੇ ਦਿੱਤਾ ਹੈ। ਸਾਰਾ ਪਰਿਵਾਰ ਬਹੁਤ ਖ਼ੁਸ਼ ਸੀ। ਜਗਤਾਰ ਦੀਆਂ ਧੀਆਂ ਨੂੰ ਨਿੱਕੇ ਵੀਰੇ ਨੂੰ ਚੁੱਕਣ ਦਾ ਐਨਾ ਚਾਅ ਸੀ ਕਿ ਜੱਸੇ ਨੂੰ ਚੁੱਕਣ ਦੀ ਵਾਰੀ ਨਹੀਂ ਸੀ ਆਉਂਦੀ। ਜਗਤਾਰ ਦੀ ਕਬੀਲਦਾਰੀ ਭਾਰੀ ਹੋ ਗਈ ਸੀ। ਉਹ ਦਿਨ ਰਾਤ ਮਿਹਨਤ ਕਰਦਾ ਤੇ ਉਸ ਦਾ ਘਰ ਪਰਿਵਾਰ ਵਧੀਆ ਚੱਲ ਰਿਹਾ ਸੀ। ਕੁੜੀਆਂ ਵੀ ਸਕੂਲ ਪੜ੍ਹਦੀਆਂ ਸਨ। ਵੱਡੀ ਕੁੜੀ ਤਾਂ ਅੱਠ ਪੜ੍ਹ ਕੇ ਹਟ ਗਈ ਸੀ। ਉਸ ਲਈ ਰਿਸ਼ਤੇਦਾਰੀਆਂ ਵਿੱਚੋਂ ਹੀ ਰਿਸ਼ਤੇ ਆਉਣ ਲੱਗ ਪਏ ਸਨ। ਜੱਸਾ ਹਾਲੇ ਦੂਜੀ ਜਮਾਤ ਵਿੱਚ ਹੀ ਪੜ੍ਹਦਾ ਸੀ ਕਿ ਜਗਤਾਰ ਨੇ ਰਿਸ਼ਤੇਦਾਰੀ ਵਿੱਚ ਹੀ ਦੋ ਸਕੇ ਭਰਾਵਾਂ ਨੂੰ ਆਪਣੀਆਂ ਵੱਡੀਆਂ ਦੋਵੇਂ ਧੀਆਂ ਸੀਤੋ ਅਤੇ ਮੀਤੋ ਦੇ ਰਿਸ਼ਤੇ ਕਰ ਦਿੱਤੇ ਤੇ ਵਿਆਹ ਵੀ ਅਗਲੇ ਨਰਾਤਿਆਂ ਦਾ ਰੱਖ ਲਿਆ। ਨਰਾਤਿਆਂ ਵਿੱਚ ਦੋਵਾਂ ਕੁੜੀਆਂ ਦਾ ਵਿਆਹ ਹੁੰਦਿਆਂ ਹੀ ਉਸ ਦੇ ਸਿਰ ਤੋਂ ਕਬੀਲਦਾਰੀ ਦੀ ਗੱਠੜੀ ਥੋੜ੍ਹੀ ਜਿਹੀ ਹਲਕੀ ਹੋ ਗਈ ਸੀ। ਉਸ ਦੀ ਤੀਜੀ ਧੀ ਜੀਤੀ ਨੇ ਦਸ ਜਮਾਤਾਂ ਕਰ ਲਈਆਂ ਤਾਂ ਵੱਡੇ ਪ੍ਰਾਹੁਣਿਆਂ ਨੇ ਨਾਲ ਦੇ ਪਿੰਡ ਹੀ ਆਪਣੇ ਇੱਕ ਦੋਸਤ ਦੇ ਛੋਟੇ ਭਰਾ ਨੂੰ ਰਿਸ਼ਤਾ ਕਰਵਾ ਦਿੱਤਾ। ਹੁਣ ਜਗਤਾਰ ਸਿੰਘ ਦੀ ਅੱਧੀ ਕਬੀਲਦਾਰੀ ਨਜਿੱਠੀ ਗਈ ਸੀ। ਇਸ ਤਰ੍ਹਾਂ ਉਹ ਤੇ ਉਸ ਦੀ ਪਤਨੀ ਤਾਰੋ ਆਪਣੀ ਕਬੀਲਦਾਰੀ ਦੀ ਗੱਡੀ ਹੌਲੀ ਹੌਲੀ ਰੋੜ੍ਹੀ ਜਾ ਰਹੇ ਸਨ। ਜਦੋਂ ਤੱਕ ਸਾਰਿਆਂ ਤੋਂ ਛੋਟੀ ਧੀ ਪ੍ਰੀਤੋ ਨੇ ਆਪਣੀ ਦਸਵੀਂ ਤੱਕ ਦੀ ਪੜ੍ਹਾਈ ਪੂਰੀ ਕੀਤੀ ਉਦੋਂ ਤੱਕ ਜੱਸਾ ਵੀ ਸੁੱਖ ਨਾਲ ਅੱਠਵੀਂ ਪਾਸ ਕਰ ਗਿਆ ਸੀ। ਜਗਤਾਰ ਤੇ ਤਾਰੋ ਵੀ ਬੁਢਾਪੇ ਕਾਰਨ ਕਮਜ਼ੋਰ ਹੋ ਰਹੇ ਸਨ। ਉਨ੍ਹਾਂ ਨੂੰ ਦੋਵੇਂ ਛੋਟੀਆਂ ਕੁੜੀਆਂ ਨਿੱਕੀ ਤੇ ਪ੍ਰੀਤੋ ਲਈ ਜਿਵੇਂ ਹੀ ਸਰਦੇ-ਪੁੱਜਦੇ ਘਰਾਂ ਦੇ ਰਿਸ਼ਤੇ ਆਏ, ਉਨ੍ਹਾਂ ਨੇ ਧੀਆਂ ਦੇ ਵਿਆਹਾਂ ਵਾਲਾ ਬੋਝ ਤਾਂ ਹਲਕਾ ਕਰ ਲਿਆ ਸੀ। ਪਰਮਾਤਮਾ ਦੀ ਕਿਰਪਾ ਨਾਲ ਜਗਤਾਰ ਸਿੰਘ ਨੂੰ ਸਾਰੇ ਜਵਾਈ ਬਹੁਤ ਲਾਇਕ ਮਿਲੇ ਸਨ। ਉਹ ਜਗਤਾਰ ਸਿੰਘ 'ਤੇ ਬੋਝ ਪਾਉਣ ਦੀ ਥਾਂ ਬੋਝ ਵੰਡਾਉਣ ਵਾਲੇ ਸਨ। ਜੱਸੇ ਨੇ ਬਾਰਾਂ ਜਮਾਤਾਂ ਪਾਸ ਕਰਕੇ ਟਾਈਪਿੰਗ ਦਾ ਕੋਰਸ ਕਰ ਲਿਆ ਸੀ। ਉਸ ਨੂੰ ਨੇੜੇ ਹੀ ਸਰਕਾਰੀ ਨੌਕਰੀ ਮਿਲ ਗਈ ਸੀ। ਸਾਰੇ ਖ਼ੁਸ਼ ਸਨ। ਜਗਤਾਰ ਵੀ ਕੰਮ ਤੋਂ ਆ ਕੇ ਜਦ ਆਪਣੇ ਚਹੁੰ ਦੋਸਤਾਂ ਨਾਲ ਗੱਲ ਕਰਦਾ, "ਬੱਸ ਆਪਾਂ ਹੁਣ ਵਿਹਲੇ ਬਈ ਜੱਸੇ ਨੂੰ ਤਨਖ਼ਾਹ ਮਿਲਣ ਲੱਗ ਜਾਏ ਅਗਲੇ ਦਿਨ ਤੋਂ ਹੀ ਆਪਾਂ ਨੇ ਕੰਮ ਛੱਡ ਦੇਣਾ!" "ਤੂੰ ਤਾਂ ਜੱਗਿਆ ਕਰਮਾਂ ਵਾਲਾ ਏਂ ਰੱਬ ਨੇ ਜਵਾਈ ਵੀ ਪੁੱਤਾਂ ਵਰਗੇ ਈ ਦਿੱਤੇ ਨੇ ਤੇ ਹੁਣ ਮੁੰਡੇ ਨੂੰ ਸਰਕਾਰੀ ਨੌਕਰੀ ਮਿਲ ਗਈ। ਰੱਬ ਤਾਂ ਪੂਰਾ ਤੇਰੇ ਵੱਲ ਐ!" ਕੋਲ ਖੜ੍ਹਾ ਨਾਜਰ ਬੋਲਿਆ। ਇਉਂ ਜਗਤਾਰ ਕਿੰਨਾ ਚਿਰ ਖੜ੍ਹਾ ਦੋਸਤਾਂ ਕੋਲ ਆਪਣੇ ਪੁੱਤ ਜੱਸੇ ਦੀਆਂ ਵਡਿਆਈਆਂ ਕਰਦਾ ਰਿਹਾ। ਉਸੇ ਰਾਤ ਨੂੰ ਅਚਾਨਕ ਉਸ ਦਾ ਦਿਲ ਜਿਹਾ ਘਬਰਾ ਕੇ ਉਸ ਨੂੰ ਉਲਟੀ ਆ ਗਈ। ਤਾਰੋ ਹਾਲੇ ਉਸ ਲਈ ਪਾਣੀ ਲੈ ਕੇ ਹੀ ਆਈ ਸੀ ਕਿ ਉਸ ਦੇ ਹੱਥ ਪੈਰ ਠੰਢੇ ਹੋਣ ਲੱਗੇ। ਜਦ ਤੱਕ ਜੱਸਾ ਨੱਠ ਕੇ ਪਿੰਡ ਵਾਲੇ ਡਾਕਟਰ ਨੂੰ ਲੈ ਕੇ ਆਇਆ ਤਾਂ ਜਗਤਾਰ ਆਪਣੇ ਅਧੂਰੇ ਚਾਅ ਪੂਰੇ ਕੀਤੇ ਬਿਨਾਂ ਹੀ ਤੁਰ ਗਿਆ। ਜਗਤਾਰ ਤੋਂ ਬਾਅਦ ਚਾਹੇ ਉਸ ਦੀਆਂ ਧੀਆਂ ਵਿੱਚੋਂ ਕੋਈ ਨਾ ਕੋਈ ਵਾਰੀ ਸਿਰ ਆਪਣੇ ਭਰਾ ਅਤੇ ਮਾਂ ਦਾ ਧਿਆਨ ਰੱਖਣ ਲਈ ਆਉਂਦੀਆਂ ਰਹਿੰਦੀਆਂ, ਫਿਰ ਵੀ ਘਰ ਵਿੱਚ ਉਦਾਸੀ ਛਾਈ ਰਹਿੰਦੀ। ਛੇ ਕੁ ਮਹੀਨੇ ਬਾਅਦ ਕੁੜੀਆਂ ਨੇ ਆਪਣੀ ਮਾਂ ਨੂੰ ਜੱਸੇ ਦਾ ਵਿਆਹ ਕਰਨ ਲਈ ਕਿਹਾ ਤਾਂ ਜੋ ਬੁੱਢੀ ਮਾਂ ਨੂੰ ਕੰਮ ਕਾਰ ਵਿੱਚ ਸਹਾਰਾ ਵੀ ਮਿਲ ਜਾਵੇ ਤੇ ਘਰ ਵਿੱਚ ਖ਼ੁਸ਼ੀ ਦਾ ਮਾਹੌਲ ਬਣ ਜਾਵੇ। ਤਾਰੋ ਦੀ ਭਤੀਜ-ਨੂੰਹ ਨੇ ਆਪਣੀ ਛੋਟੀ ਭੈਣ ਦਾ ਰਿਸ਼ਤਾ ਜੱਸੇ ਨੂੰ ਕਰਵਾ ਦਿੱਤਾ। ਘਰ ਵਿੱਚ ਹੌਲੀ ਹੌਲੀ ਜਗਤਾਰ ਦੀ ਮੌਤ ਦੀਆਂ ਗ਼ਮਗੀਨ ਯਾਦਾਂ ਨੂੰ ਆਉਣ ਵਾਲੇ ਵਿਆਹ ਨੇ ਥੋੜ੍ਹਾ ਜਿਹਾ ਮੱਧਮ ਤਾਂ ਕੀਤਾ ਪਰ ਹਰ ਕੰਮ ਕਰਨ ਲੱਗੇ ਉਸ ਨੂੰ ਯਾਦ ਕੀਤਾ ਜਾਂਦਾ। ਜੱਸੇ ਦਾ ਵਿਆਹ ਹੋ ਗਿਆ। ਘਰ ਵਿੱਚ ਖ਼ੁਸ਼ੀ ਦਾ ਮਾਹੌਲ ਬਣ ਗਿਆ। ਜੱਸੇ ਦੀ ਵਹੁਟੀ ਤਾਰੋ ਅਤੇ ਜੱਸੇ ਦੇ ਮੂੰਹੋਂ ਆਪਣੇ ਸਹੁਰੇ ਦੇ ਸਾਊ ਅਤੇ ਮਿਹਨਤੀ ਸੁਭਾਅ ਦੀ ਵਡਿਆਈ ਸੁਣਦੀ ਤਾਂ ਸੋਚਦੀ ਕਿ ਪਰਮਾਤਮਾ ਉਸ ਨੂੰ ਵੀ ਇਹ ਖ਼ੁਸ਼ੀ ਦਿਖਾ ਦਿੰਦਾ ਤਾਂ ਕਿੰਨਾ ਵਧੀਆ ਹੁੰਦਾ। ਜੱਸੇ ਦੇ ਵਿਆਹ ਨੂੰ ਪੂਰੇ ਪੰਜ ਵਰ੍ਹੇ ਹੋ ਗਏ ਸਨ। ਉਸ ਦੇ ਚਾਰ ਸਾਲ ਦੀ ਧੀ ਅਤੇ ਦੋ ਸਾਲ ਦਾ ਪੁੱਤਰ ਹੋ ਗਿਆ ਸੀ। ਤਾਰੋ ਬਹੁਤ ਬਜ਼ੁਰਗ ਹੋ ਚੁੱਕੀ ਸੀ ਪਰ ਆਪਣੇ ਪੋਤੇ ਪੋਤੀਆਂ ਨਾਲ ਚਾਅ ਲਾਡ ਕਰਦੀ ਖ਼ੁਸ਼ ਰਹਿੰਦੀ। ਪਰਮਾਤਮਾ ਨੇ ਤਾਰੋ ਦੇ ਖ਼ੁਸ਼ਹਾਲ ਪਰਿਵਾਰ ਨੂੰ ਉਸ ਸਮੇਂ ਉਜਾੜ ਦਿੱਤਾ ਜਦ ਇੱਕ ਸ਼ਾਮ ਡਿਊਟੀ ਤੋਂ ਆਉਂਦੇ ਸਮੇਂ ਜੱਸੇ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ। ਇੱਕ ਹੱਸਦਾ ਵੱਸਦਾ ਘਰ ਉੱਜੜ ਗਿਆ ਸੀ। ਉਸ ਦੇ ਭੋਗ ਤੋਂ ਕੁਝ ਦਿਨ ਬਾਅਦ ਜੱਸੇ ਦੇ ਸਹੁਰਾ ਪਰਿਵਾਰ ਤਾਰੋ ਕੋਲ ਆਇਆ। ਜੱਸੇ ਦੀਆਂ ਪੰਜੇ ਭੈਣਾਂ ਅਤੇ ਉਨ੍ਹਾਂ ਦੇ ਪ੍ਰਾਹੁਣਿਆਂ ਨੂੰ ਵੀ ਬੁਲਾ ਲਿਆ। ਨਾਲ ਹੀ ਪਿੰਡ ਦੀ ਪੰਚਾਇਤ ਦਾ ਇਕੱਠ ਕੀਤਾ। ਜੱਸੇ ਦਾ ਸਹੁਰਾ ਹੱਥ ਜੋੜ ਕੇ ਆਖਣ ਲੱਗਿਆ, "ਅਸੀਂ ਤਾਂ ਜੀ ਧੀ ਵਾਲੇ ਹਾਂ ਸਾਡੀ ਧੀ ਦੀ ਉਮਰ ਬਹੁਤ ਨਿਆਣੀ ਹੈ। ਸਾਰੀ ਉਮਰ ਆਪਣੀ ਧੀ ਨੂੰ ਇਸ ਹਾਲ ਵਿੱਚ ਕਿਹੜਾ ਮਾਂ ਬਾਪ ਵੇਖਣਾ ਚਾਹੁੰਦਾ ਹੈ। ਇਹੀ ਉਸ ਦੇ ਖਾਣ ਹੰਢਾਉਣ ਦੇ ਦਿਨ ਸਨ। ਨਾ ਕੋਈ ਕਮਾਈ ਦਾ ਸਾਧਨ ਨਾ ਕੋਈ ਹੋਰ ਸਹਾਰਾ ਇੱਕ ਬੁੱਢੀ ਮਾਂ ਦੇ ਸਹਾਰੇ ਕਿੰਨਾ ਚਿਰ ਜ਼ਿੰਦਗੀ ਕੱਟੇਗੀ? ਅਸੀਂ ਆਪਣੀ ਧੀ ਨੂੰ ਲਿਜਾਣ ਆਏ ਹਾਂ ਜਵਾਕਾਂ ਦਾ ਤੁਸੀਂ ਵੇਖ ਲਓ ਕੀ ਕਰਨਾ ਹੈ? ਇਹ ਗੱਲ ਸੁਣ ਕੇ ਸਾਰੇ ਸੁੰਨ ਜਿਹੇ ਹੋ ਗਏ। ਤਾਰੋ ਦੀਆਂ ਪੰਜੇ ਧੀਆਂ ਨੇ ਆਪਸ ਵਿੱਚ ਸਲਾਹ ਕੀਤੀ ਤੇ ਵੱਡੇ ਧੀ ਜਵਾਈ ਨੇ ਹੱਥ ਜੋੜ ਕੇ ਆਖਿਆ, "ਜੱਸੇ ਦੇ ਟੱਬਰ ਦਾ ਜੀ ਤੁਸੀਂ ਫ਼ਿਕਰ ਨਾ ਕਰੋ। ਇਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਅਸੀਂ ਪੰਜੇ ਭੈਣਾਂ ਜੱਸੇ ਵਾਂਗ ਹੀ ਇਸ ਦਾ ਧਿਆਨ ਰੱਖਾਂਗੇ। ਬੱਚਿਆਂ ਤੋਂ ਮਾਂ ਵਿਛੜ ਜਾਏਗੀ ਬਾਪ ਪਹਿਲਾਂ ਹੀ ਨ੍ਹੀਂ ਰਿਹਾ ਸਾਨੂੰ ਤਾਂ ਇਨ੍ਹਾਂ ਵਿੱਚੋਂ ਹੀ ਜੱਸਾ ਦਿਸਦਾ। ਇਹ ਹੁਣ ਜੱਸੇ ਦੀ ਵਹੁਟੀ ਤੋਂ ਪਹਿਲਾਂ ਸਾਡੀ ਸਾਰਿਆਂ ਤੋਂ ਛੋਟੀ ਭੈਣ ਹੈ ਤੁਸੀਂ ਇਸ ਨੂੰ ਵੀ ਇੱਕ ਵਾਰ ਪੁੱਛ ਲਓ! ਪਹਿਲਾਂ ਜੱਸੇ ਦੀ ਵਹੁਟੀ ਜਾਣ ਲਈ ਤਿਆਰ ਹੋ ਗਈ ਸੀ ਪਰ ਫਿਰ ਪਤਾ ਨਹੀਂ ਉਸ ਦੇ ਦਿਮਾਗ਼ ਵਿੱਚ ਕੀ ਆਇਆ, ਉਸ ਦੇ ਪਿਓ ਤੇ ਭਰਾਵਾਂ ਨੇ ਬਥੇਰਾ ਜ਼ੋਰ ਲਾਇਆ, ਉਹ ਨਾ ਮੰਨੀ। ਇਸ ਗੱਲ ਨੂੰ ਵੀਹ ਵਰ੍ਹੇ ਬੀਤ ਗਏ ਸਨ। ਜੱਸੇ ਦੀ ਧੀ ਰਾਣੋ ਜੱਜ ਬਣ ਕੇ ਆਈ ਤਾਂ ਵਿਹੜੇ ਵਿੱਚ ਉਸ ਦੀਆਂ ਪੰਜੇ ਭੂਆ, ਫੁੱਫੜ ਅਤੇ ਮਾਂ ਬੈਠੇ ਸਨ। ਉਸ ਨੇ ਮਾਂ ਨੂੰ ਖ਼ੁਸ਼ੀ ਵਿੱਚ ਗਲਵੱਕੜੀ ਪਾਈ ਤਾਂ ਉਸ ਨੇ ਕਿਹਾ, "ਰਾਣੋ ਆਹ ਦੇਖ ਆਹ ਨੇ ਤੇਰੀਆਂ ਅਸਲੀ ਮਾਵਾਂ। ਤੇਰੀ ਸਫਲਤਾ ਪਿੱਛੇ ਇਨ੍ਹਾਂ ਦਾ ਹੱਥ ਹੈ। ਇਨ੍ਹਾਂ ਦੇ ਇੱਕ ਫ਼ੈਸਲੇ ਨੇ ਮੇਰੀ ਸੋਚ ਬਦਲ ਦਿੱਤੀ ਸੀ ਤੇ ਮੇਰੇ ਇੱਕ ਫ਼ੈਸਲੇ ਨੇ ਆਪਣਾ ਘਰ ਬਚਾ ਲਿਆ। ਇਨ੍ਹਾਂ ਨੇ ਆਪਣੇ ਬੋਲ ਹੁਣ ਤੱਕ ਪੁਗਾਏ। ਆਪਾਂ ਨੂੰ ਕਿਸੇ ਚੀਜ਼ ਦੀ ਕਮੀ ਨਹੀਂ ਆਉਣ ਦਿੱਤੀ। ਤੁਹਾਨੂੰ ਵਧੀਆ ਸਕੂਲਾਂ ਵਿੱਚ ਪੜ੍ਹਾਇਆ। ਨਹੀਂ ਤਾਂ ਅੱਜ ਤੇਰਾ ਵੀਰਾ ਛਿੰਦਾ ਵਿਦੇਸ਼ ਨਾ ਗਿਆ ਹੁੰਦਾ, ਤੂੰ ਜੱਜ ਨਾ ਬਣਦੀ। ਆਪਾਂ ਸਭ ਖੇਰੂੰ ਖੇਰੂੰ ਹੋ ਗਏ ਹੁੰਦੇ!" ਕਹਿੰਦੇ ਕਹਿੰਦੇ ਜੱਸੇ ਦੀ ਵਹੁਟੀ ਭਾਵੁਕ ਹੋ ਗਈ। ਸੀਤੋ, ਮੀਤੋ, ਜੀਤੀ, ਨਿੱਕੀ ਤੇ ਪ੍ਰੀਤੀ ਨੇ ਆ ਕੇ ਆਪਣੀ ਛੋਟੀ ਭਰਜਾਈ ਨੂੰ ਗਲਵਕੜੀ ਵਿੱਚ ਲੈ ਕੇ ਕਿਹਾ, "ਸਾਨੂੰ ਤਾਂ ਤੇਰੇ 'ਤੇ ਮਾਣ ਹੈ। ਤੇਰੇ ਇੱਕ ਫ਼ੈਸਲੇ ਨੇ ਸਾਡੇ ਬਾਪ ਦਾ ਘਰ ਵਸਿਆ ਰਹਿਣ ਦਿੱਤਾ ਨਹੀਂ ਤਾਂ!" ਰਾਣੋ ਗੱਲ ਨੂੰ ਗ਼ਮਗੀਨ ਮਾਹੌਲ ਨੂੰ ਹਾਸੇ ਵਿੱਚ ਲਿਜਾਂਦੀ ਹੋਈ ਆਖਣ ਲੱਗੀ, "ਆਰਡਰ ਆਰਡਰ ਆਰਡਰ! ਹੁਣ ਜੱਜ ਦਾ ਇੱਕ ਫ਼ੈਸਲਾ ਸੁਣੋ ਜੱਜ ਰਣਬੀਰ ਕੌਰ ਉਰਫ਼ ਰਾਣੋ ਵੱਲੋਂ ਸਾਰਿਆਂ ਨੂੰ ਕੱਲ੍ਹ ਇੱਕ ਦਾਅਵਤ ਦਿੱਤੀ ਜਾ ਰਹੀ ਹੈ। ਸਹੀ ਸਮੇਂ 'ਤੇ ਨਾ ਪਹੁੰਚਣ ਵਾਲੇ ਨੂੰ ਸਜ਼ਾ ਸੁਣਾਈ ਜਾਵੇਗੀ!" ਸਾਰੇ ਉਸ ਦੀ ਗੱਲ ਸੁਣ ਕੇ ਹੱਸ ਪਏ।

# ਰੋਜ਼ਾਨਾ ਸਵੇਰੇ ਇਕ ਸੇਬ ਖਾਣ ਨਾਲ ਸਰੀਰ ਦੀਆਂ ਕਈ ਬਿਮਾਰੀਆਂ ਤੋਂ ਮਿਲੇਗੀ ਨਿਜਾਤ

ਸਿਹਤ ਲਈ ਸੇਬ ਬਹੁਤ ਫ਼ਾਇਦੇਮੰਦ ਹੁੰਦੇ ਹਨ। ਸੇਬ ਸੁਆਦ ਹੋਣ ਦੇ ਨਾਲ-ਨਾਲ ਪੋਸ਼ਕ



ਤੱਤਾਂ ਨਾਲ ਭਰਪੂਰ ਵੀ ਹੁੰਦੇ ਹਨ। ਰੋਜ਼ਾਨਾ ਇਕ ਸੇਬ ਖਾਣ ਨਾਲ ਸਰੀਰ ਦੀਆਂ ਬਹੁਤ ਸਾਰੀਆਂ ਬੀਮਾਰੀਆਂ ਬਿਲਕੁਲ ਠੀਕ ਹੋ ਜਾਂਦੀਆਂ ਹਨ। ਜੇਕਰ ਸੇਬ ਦਾ ਸੇਵਨ ਖਾਲੀ ਢਿੱਡ ਕੀਤਾ ਜਾਵੇ ਤਾਂ ਇਸ ਦੇ ਫ਼ਾਇਦੇ ਦੁੱਗਣੇ ਹੋ ਜਾਂਦੇ ਹਨ। ਸੇਬ ਵਿੱਚ ਬਹੁਤ ਸਾਰੇ ਵਿਟਾਮਿਨਸ, ਮਿਨਰਲਸ, ਆਇਰਨ, ਫ਼ੋਲਿਕ ਐਸਿਡ, ਕੈਲਸ਼ੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਜ਼ਿੰਕ, ਪੋਸ਼ਕ ਤੱਤ ਹੁੰਦੇ ਹਨ। ਇਸ ਨਾਲ ਚਮੜੀ ਦੇ ਰੋਗ, ਦਿਲ ਦੀਆਂ ਸਮੱਸਿਆਵਾਂ, ਬੁਖ਼ਾਰ, ਕਬਜ਼ ਦੀ ਸਮੱਸਿਆ, ਗਠੀਆ, ਪੱਥਰੀ, ਖ਼ੂਨ ਦੀ ਘਾਟ ਆਦਿ ਦੂਰ ਹੁੰਦੀ ਹੈ।

**ਅੱਖਾਂ ਦੀ ਰੋਸ਼ਨੀ ਤੇਜ਼ ਕਰੇ:** ਸੇਬ ਵਿੱਚ ਐਂਟੀ ਆਕਸੀਡੈਂਟ, ਫਾਈਬਰ, ਵਿਟਾਮਿਨ-ਸੀ ਅਤੇ ਵਿਟਾਮਿਨ-ਬੀ ਦੇ ਭਰਪੂਰ ਗੁਣ ਪਾਏ ਜਾਂਦੇ ਹਨ। ਰੋਜ਼ਾਨਾ ਇਕ ਸੇਬ ਖਾਣ ਨਾਲ ਅੱਖਾਂ ਦੀਆਂ ਸਮੱਸਿਆਵਾਂ ਜਿਵੇਂ ਅੱਖਾਂ ਤੋਂ ਘੱਟ ਦਿਖਣਾ, ਮੋਤੀਏ ਦੀ ਸਮੱਸਿਆ, ਗਲੁਕੋਮਾ ਦੀ ਸਮੱਸਿਆ ਆਦਿ ਬਹੁਤ ਜਲਦੀ ਠੀਕ ਹੋ ਜਾਂਦੀ ਹੈ। ਇਸ ਲਈ ਸੇਬ ਖਾਓ।

**ਖੰਘ ਦੀ ਸਮੱਸਿਆ ਕਰੇ ਦੂਰ:** ਜੇਕਰ ਤੁਹਾਨੂੰ ਖੰਘ ਦੀ ਸਮੱਸਿਆ ਬਹੁਤ ਜ਼ਿਆਦਾ ਰਹਿੰਦੀ ਹੈ, ਤਾਂ ਤੁਸੀਂ ਰੋਜ਼ਾਨਾ ਸਵੇਰੇ ਖਾਲੀ ਢਿੱਡ ਇੱਕ ਗਿਲਾਸ ਸੇਬ ਦੇ ਰਸ ਵਿੱਚ ਮਿਸ਼ਰੀ ਮਿਲਾ ਕੇ ਇਸ ਦਾ ਸੇਵਨ ਕਰੋ। ਅਜਿਹਾ ਕਰਨ ਨਾਲ ਸੁੱਕੀ ਖੰਘ ਦੀ ਸਮੱਸਿਆ ਬਿਲਕੁਲ ਠੀਕ ਹੋ ਜਾਂਦੀ ਹੈ।

**ਮਜ਼ਬੂਤ ਹੁੰਦੈ ਪਾਚਨ :** ਸੇਬ ਦਾ ਸੇਵਨ ਕਰਨ ਨਾਲ ਢਿੱਡ ਦੇ ਬਹੁਤ ਸਾਰੇ ਰੋਗ ਠੀਕ ਹੋ ਜਾਂਦੇ ਹਨ। ਰੋਜ਼ਾਨਾ ਇਕ ਸੇਬ ਖਾਣ ਨਾਲ ਢਿੱਡ ਦੇ ਕੀੜੇ ਵੀ ਬਾਹਰ ਨਿਕਲ ਜਾਂਦੇ ਹਨ। ਸੇਬ ਖਾਣ ਨਾਲ ਕਬਜ਼ ਦੀ ਸਮੱਸਿਆ ਦੂਰ ਹੁੰਦੀ ਹੈ ਅਤੇ ਪਾਚਨ ਸ਼ਕਤੀ ਮਜ਼ਬੂਤ ਹੁੰਦੀ ਹੈ।

**ਬਦਹਜ਼ਮੀ ਦੀ ਸਮੱਸਿਆ 'ਚ ਦੇਵੇ ਰਾਹਤ:** ਰੋਜ਼ਾਨਾ ਇਕ ਸੇਬ ਖਾਣ ਨਾਲ ਖਾਣਾ ਜਲਦੀ ਹਜ਼ਮ ਹੋ ਜਾਂਦਾ ਹੈ। ਜੇਕਰ ਤੁਸੀਂ ਬਦਹਜ਼ਮੀ, ਗੈਸ, ਐਸੀਡਿਟੀ ਵਰਗੀਆਂ ਸਮੱਸਿਆ ਤੋਂ ਪਰੇਸ਼ਾਨ ਹੋ ਤਾਂ ਤੁਸੀਂ ਸੇਬ ਦੇ ਮੁਰੱਬੇ ਦਾ ਸੇਵਨ ਕਰ ਸਕਦੇ ਹੋ। ਸੇਬ ਦਾ ਸੇਵਨ ਕਰਨ ਨਾਲ ਅੰਤੜੀਆਂ ਤੰਦਰੁਸਤ ਰਹਿੰਦੀਆਂ ਹਨ।

**ਕੈਂਸਰ ਦੀ ਸਮੱਸਿਆ ਨੂੰ ਰੋਕੇ:** ਕੈਂਸਰ ਦੀ ਸਮੱਸਿਆ ਤੋਂ ਪਰੇਸ਼ਾਨ ਲੋਕ ਸੇਬ ਦਾ ਸੇਵਨ ਕਰਨ। ਸੇਬ ਵਿੱਚ ਐਂਟੀ ਕੈਂਸਰ ਗੁਣ ਪਾਏ ਜਾਂਦੇ ਹਨ, ਜੋ ਕੈਂਸਰ ਦੀਆਂ ਕੋਸ਼ਿਕਾਵਾਂ ਨੂੰ ਵਧਣ ਤੋਂ ਰੋਕਦੇ ਹਨ। ਜੇਕਰ ਤੁਸੀਂ ਰੋਜ਼ਾਨਾ ਇਕ ਸੇਬ ਦਾ ਸੇਵਨ ਕਰਦੇ ਹੋ, ਤਾਂ ਕੈਂਸਰ ਹੋਣ ਦੀ ਸੰਭਾਵਨਾ ਘਟ ਜਾਂਦੀ ਹੈ।

# ਜੇ ਬੰਦਾ ਰਿੰਗ ਆਫ਼ ਕਰੇ ਤਾਂ ਕਈ ਵਾਰ ਜ਼ਰੂਰੀ ਫੋਨ ਕਾਲ ਵੀ ਮਿੱਸ ਹੋ ਜਾਂਦੀ ਹੈ

**ਮੈਂ ਨੇਹਾ ਨੂੰ ਬੁਲਾਉਣਾ ਬਹੁਤ ਘੱਟ ਕਰ ਦਿੱਤਾ ਤੇ ਨੇਹਾ ਵੀ ਹੁਣ ਮੇਰੇ ਕੋਲ ਘੱਟ ਹੀ ਖੜ੍ਹਦੀ-ਬੈਠਦੀ। ਇੱਕ ਦਿਨ ਉਹ ਸਕੂਲ ਨਾ ਆਈ। ਭਾਵੇਂ ਰਜਿਸਟਰ ਵਿੱਚ ਉਹਦੀ ਛੁੱਟੀ ਭਰੀ ਹੋਈ ਸੀ, ਪਰ ਉਹ ਸਕੂਲ ਵਿੱਚ ਗ਼ੈਰਹਾਜ਼ਰ ਹੋ ਕੇ ਵੀ ਮੇਰੇ ਮਨ ਵਿੱਚ ਹਾਜ਼ਰੀ ਲੁਆ ਸਾਰਾ ਦਿਨ ਘੁੰਮਦੀ ਰਹੀ। ਜਦੋਂ ਅਗਲੇ ਦਿਨ ਉਹ ਸਕੂਲ ਆਈ, ਉਹਦਾ ਗੁੰਮ-ਸੁੰਮ ਅਤੇ ਮੁਰਝਾਇਆ ਚਿਹਰਾ ਵੇਖ ਕੇ ਮੇਰੇ ਮਨ ਵਿੱਚ ਅਜੀਬ-ਅਜੀਬ ਖ਼ਿਆਲ ਦਸਤਕ ਦੇਣ ਲੱਗੇ। ਇੱਕ ਵਾਰ ਤਾਂ ਮੇਰਾ ਮਨ ਕੀਤਾ ਕਿ ਮੈਂ ਉਹਨੂੰ ਬੁਲਾਵਾਂ ਤੇ ਇੱਕ ਵੱਡੀ ਭੈਣ ਵਾਂਗੂੰ ਉਹਦੇ ਚਿਹਰੇ 'ਤੇ ਪਸਰੀ ਉਦਾਸੀ ਦਾ ਕਾਰਨ ਪੁੱਛਾਂ, ਪਰ ਮੈਂ ਫਿਰ ਵੀ ਚੁੱਪ ਵੱਟੀ ਰੱਖੀ। ਮੈਂ ਆਪਣੇ ਮਨ ਵਿੱਚ ਉੱਗੀਆਂ ਉੱਬੜ-ਖਾਬੜ ਸੋਚਾਂ ਨੂੰ ਕੁਲਜੀਤ ਨਾਲ ਸਾਂਝਾ ਕੀਤਿਆਂ ਬਗੈਰ ਨਾ ਰਹਿ ਸਕੀ। ਮੈਂ ਕੁਲਜੀਤ ਨੂੰ ਉਹਦੇ ਨਾਲ ਗੱਲ ਕਰ ਕੇ ਉਹਦੀ ਚਿੰਤਾ ਦੂਰ ਕਰਨ ਲਈ ਕਿਹਾ। ਜਦੋਂ ਕੁਲਜੀਤ ਉਹਦੇ ਨਾਲ ਗੱਲ ਕਰਨ ਲੱਗੀ ਤਾਂ ਉਹ ਫਿੱਸ ਪਈ ਤੇ ਕੁਲਜੀਤ ਦੇ ਗਲ ਲੱਗ ਕੇ ਅੱਖਾਂ ਭਰਦੀ ਹੋਈ ਆਖਣ ਲੱਗੀ, "ਮੈਡਮ! ਸੂਰਜ ਮੇਰੇ 'ਤੇ ਗ਼ਲਤ ਸ਼ੱਕ ਕਰਦੈ... ਉਹ ਹੁਣ ਪਹਿਲਾਂ ਵਰਗਾ ਨਹੀਂ ਰਿਹਾ...। ਉਹ ਗੱਲ-ਗੱਲ 'ਤੇ ਮੈਨੂੰ ਪੁੱਛਦੈ ਕਿ ਤੇਰੀ ਪਹਿਲਾਂ ਕਿਸੇ ਮੁੰਡੇ ਨਾਲ ਦੋਸਤੀ ਸੀ ...ਜਾਂ ਕੋਈ ਮੁੰਡਾ ਤੈਨੂੰ ਪਸੰਦ ਸੀ? ਮੈਂ ਉਹਨੂੰ ਕਿੰਨੀ ਵਾਰ ਆਖ ਚੁੱਕੀ ਹਾਂ ਕਿ ਮੇਰੇ ਨਾਲ ਅਜਿਹੀਆਂ ਗੱਲਾਂ ਨਾ ਕਰਿਆ ਕਰ, ਪਰ ਉਹਦੀ ਸੂਈ ਹਮੇਸ਼ਾਂ ਅਜਿਹੀਆਂ ਗੱਲਾਂ 'ਤੇ ਹੀ ਅੜੀ ਰਹਿੰਦੀ ਏ।**

ਹਾਜ਼ਰੀ ਲਾਉਣ ਤੋਂ ਬਾਅਦ ਮੈਂ ਹੱਥ ਵਿੱਚ ਚਾਕ ਹਾਲੇ ਚੁੱਕਿਆ ਹੀ ਸੀ ਕਿ ਮੇਰੇ ਫ਼ੋਨ ਦੀ ਘੰਟੀ ਵੱਜਣ ਲੱਗੀ। ਫੋਨ ਮੈਂ ਆਪਣੇ ਪਰਸ 'ਚੋਂ ਨਹੀਂ ਸੀ ਕੱਢਿਆ। ਸੋਚਿਆ ਬਾਅਦ ਵਿੱਚ ਵੇਖਾਂਗੀ ਕਿਹਦਾ ਫ਼ੋਨ ਹੈ, ਪਰ ਫਿਰ ਮਨ 'ਚ ਖ਼ਿਆਲ ਆਇਆ ਕਿ ਕਿਧਰੇ ਕੋਈ ਜ਼ਿਆਦਾ ਜ਼ਰੂਰੀ ਨਾ ਹੋਵੇ। ਕਿਤੇ ਦਫ਼ਤਰ ਜਾਂ ਸੈਂਟਰ ਸਕੂਲ 'ਚ ਕੋਈ ਜ਼ਿਆਦਾ ਜ਼ਰੂਰੀ ਡਾਕ ਨਾ ਮੰਗੀ ਹੋਵੇ। ਉਂਜ ਵੀ ਹੁਣ ਤਾਂ ਇੰਜ ਲੱਗਦਾ ਹੈ ਜਿਵੇਂ ਇਹ ਮੋਬਾਈਲ ਫੋਨ ਮੇਰੇ ਜੀਅ ਦਾ ਜੰਜਾਲ ਬਣ ਗਿਆ ਹੋਵੇ। ਘੜੀ-ਮੁੜੀ ਟੂੰਅ-ਟੂੰਅ ਹੁੰਦੀ ਰਹਿੰਦੀ ਹੈ ਮੈਸੇਜਾਂ ਨਾਲ। ਜੇ ਬੰਦਾ ਰਿੰਗ ਆਫ਼ ਕਰੇ ਤਾਂ ਕਈ ਵਾਰ ਜ਼ਰੂਰੀ ਫੋਨ ਕਾਲ ਵੀ ਮਿੱਸ ਹੋ ਜਾਂਦੀ ਹੈ। ਫਿਰ ਉਲਾਂਭੇ ਝੱਲਣੇ ਪੈਂਦੇ ਨੇ, ਅਖੇ, ਤੁਸੀਂ ਫ਼ੋਨ ਕਿਉਂ ਨਹੀਂ ਚੁੱਕਿਆ? ...ਬਹੁਤ ਜ਼ਰੂਰੀ ਜ਼ੂਮ ਮੀਟਿੰਗ ਸੀ ...ਤੁਸੀਂ ਅਟੈਂਡ ਕਰਨ ਤੋਂ ਵਾਂਝੇ ਰਹਿ ਗਏ ...ਹੁਣ ਤੁਹਾਨੂੰ ਲਿਖਤੀ ਜਵਾਬਦੇਹੀ ਦੇਣੀ ਪਵੇਗੀ। ਜਵਾਬਦੇਹੀ ਵਰਗੇ ਭਾਰੇ ਭਰਕਮ ਸ਼ਬਦ ਤੋਂ ਡਰਦੀ ਮੈਂ ਫੋਨ ਦੀ ਰਿੰਗ ਚਾਹੁੰਦੇ ਹੋਏ ਵੀ ਆਫ਼ ਨਹੀਂ ਕਰਦੀ।

ਜਦੋਂ ਮੈਂ ਫ਼ੋਨ ਪਰਸ 'ਚੋਂ ਕੱਢਿਆ ਤਾਂ ਸਕਰੀਨ 'ਤੇ ਮੇਰੀ ਸਹੇਲੀ ਕੁਲਜੀਤ ਦਾ ਨਾਂ ਵੇਖ ਕੇ ਮੈਥੋਂ ਫ਼ੋਨ ਕੰਨ ਨਾਲ ਲਾਏ ਬਗੈਰ ਰਿਹਾ ਨਾ ਗਿਆ। ਉਂਝ ਵੀ ਅੱਜ ਕਿੰਨੇ ਚਿਰ ਮਗਰੋਂ ਉਹਦੇ ਨਾਲ ਗੱਲ ਹੋ ਰਹੀ ਸੀ। ਉਹ ਜ਼ਿੰਦਗੀ ਦੇ ਰੁਝੇਵਿਆਂ ਵਿੱਚ ਰੁੱਝੀ ਕਦੇ ਹੀ ਮੈਨੂੰ ਫੋਨ ਕਰਦੀ ਹੈ ਜਦੋਂ ਕੋਈ ਬਹੁਤ ਜ਼ਰੂਰੀ ਗੱਲ ਹੋਵੇ। ਇਸ ਲਈ ਮੈਂ ਉਹਦਾ ਫ਼ੋਨ ਮਿਸ ਨਹੀਂ ਸੀ ਕਰਨਾ ਚਾਹੁੰਦੀ। ਅੱਜ ਮੈਂ ਕੁਲਜੀਤ ਨਾਲ ਗੱਲ ਕਰਦਿਆਂ ਕਰਦਿਆਂ ਸੁੰਨ ਹੋ ਗਈ। ਮੈਨੂੰ ਇੰਜ ਲੱਗ ਰਿਹਾ ਸੀ ਜਿਵੇਂ ਮੇਰੇ ਅੰਦਰੋਂ ਕੁਝ ਭੁਰ ਰਿਹਾ ਹੋਵੇ। ਮੇਰੇ ਕਾਲਜੇ 'ਚ ਚੀਸ ਉੱਠੀ ਤੇ ਮੇਰੀਆਂ ਅੱਖਾਂ ਭਰ ਆਈਆਂ। ਮੇਰਾ ਗਲਾ ਵੀ ਭਰ ਗਿਆ। ਮੈਂ ਉਹਦੀਆਂ ਗੱਲਾਂ ਦਾ ਹੁੰਗਾਰਾ ਭਰਨਾ ਵੀ ਜਿਵੇਂ ਭੁੱਲ ਗਈ ਤੇ ਮੇਰੀਆਂ ਅੱਖਾਂ 'ਚੋਂ ਹੰਝੂ ਮਲਕ ਦੇਣੇ ਮੇਰੇ ਮੇਜ਼ 'ਤੇ ਪਏ ਰਜਿਸਟਰ 'ਤੇ ਡਿੱਗ ਪਏ। ਮੈਂ ਉਨ੍ਹਾਂ ਹੰਝੂਆਂ ਨੂੰ ਸਾਫ਼ ਕਰਦਿਆਂ ਬੱਚਿਆਂ ਵੱਲ ਵੇਖਣ ਲੱਗੀ ਜਿਹੜੇ ਆਪੋ-ਆਪਣੀਆਂ ਗੱਲਾਂ 'ਚ ਮਸਤ ਸਨ ਤੇ ਇਕ-ਦੋ ਬੱਚੇ ਮੈਨੂੰ ਨੀਝ ਲਾ ਕੇ ਵੇਖ ਰਹੇ ਸਨ। ਕੁਲਜੀਤ ਦਾ ਫ਼ੋਨ ਤਾਂ ਕੱਟਿਆ ਗਿਆ, ਪਰ ਨਾਲ ਹੀ ਮੈਨੂੰ ਇੰਜ ਲੱਗਿਆ ਜਿਵੇਂ ਅੱਜ ਕੁਲਜੀਤ ਦੇ ਫ਼ੋਨ ਨੇ ਮੇਰੀਆਂ ਪੁਰਾਣੀਆਂ ਯਾਦਾਂ ਨੂੰ ਗਲਮੇ ਤੋਂ ਫੜ ਧੱਕੇ ਨਾਲ ਮੇਰੀ ਗੋਦੀ ਵਿੱਚ ਬਿਠਾ ਦਿੱਤਾ ਹੋਵੇ। ਇਹ ਯਾਦਾਂ ਮੈਨੂੰ ਬਹੁਤ ਕੌੜੀਆਂ ਜਾਪਦੀਆਂ ਸਨ। ਜਦੋਂ ਕਦੇ ਇਹ ਯਾਦਾਂ ਮੈਨੂੰ ਘੇਰਦੀਆਂ ਹਨ ਮੇਰਾ ਮਨ ਇਕ ਅਜੀਬ ਜਿਹੀ ਕੁੜੱਤਣ ਨਾਲ ਭਰ ਜਾਂਦਾ ਹੈ। ਨੇਹਾ ਦਾ ਚਿਹਰਾ ਮੇਰੀਆਂ ਅੱਖਾਂ ਅੱਗੇ ਘੁੰਮਣ ਲੱਗਦਾ ਹੈ। ਨੇਹਾ ਜਿਹਦੇ ਨਾਲ ਮੈਨੂੰ ਕਦੇ ਬਹੁਤ ਮੋਹ ਸੀ। ਜਿਹੜੇ ਸਕੂਲ ਵਿੱਚ ਮੈਂ ਪਹਿਲਾਂ ਪੜ੍ਹਾਉਂਦੀ ਸੀ ਨੇਹਾ ਦੀ ਉਸ ਸਕੂਲ ਵਿੱਚ ਪਹਿਲੀ ਜੌਇਨਿੰਗ ਸੀ। ਉਹ ਬਹੁਤ ਮਿਲਣਸਾਰ, ਹਸਮੁੱਖ ਤੇ ਹੌਸਲੇ ਵਾਲੀ ਕੁੜੀ ਸੀ। ਹਾਲੇ ਕੁਝ ਕੁ ਮਹੀਨੇ ਹੀ ਹੋਏ ਸਨ ਉਹਨੂੰ ਸਾਡੇ ਸਕੂਲ ਵਿੱਚ ਆਈ ਨੂੰ, ਉਹ ਰੋਜ਼ ਕੋਈ ਨਾ ਕੋਈ ਕਿੱਸਾ ਸੁਣਾਉਂਦੀ ...ਉਹਦੇ ਲਈ ਨਿੱਤ ਨਵੇਂ ਭੱਜੇ ਆਉਂਦੇ ਰਿਸ਼ਤਿਆਂ ਬਾਰੇ। ਰਿਸ਼ਤੇ ਤਾਂ ਆਪੇ ਹੀ ਆਉਣੇ ਸਨ ਪੜ੍ਹੀ-ਲਿਖੀ, ਸਰਕਾਰੀ ਨੌਕਰੀ ਤੇ ਉੱਪਰੋਂ ਰੱਜ ਕੇ ਸੋਹਣੀ। ਨੇਹਾ ਮੈਨੂੰ ਆਪਣੀ ਛੋਟੀ ਭੈਣ ਰਿੰਕੀ ਵਰਗੀ ਜਾਪਦੀ। ਸਾਡੀ ਦੋਵਾਂ ਦੀ ਆਪਸ ਵਿੱਚ ਖ਼ੂਬ ਬਣਦੀ, ਪਰ ਨੇਹਾ ਲਈ ਜਿਹੜੇ ਵੀ ਰਿਸ਼ਤੇ ਆਉਂਦੇ ਕਿਸੇ ਨਾ ਕਿਸੇ ਕਾਰਨ ਸਿਰੇ ਨਾ ਚੜ੍ਹਦੇ। ਜੇ ਮੁੰਡਾ ਕਿਤੇ ਚੰਗੀ ਨੌਕਰੀ 'ਤੇ ਹੁੰਦਾ ਤਾਂ ਉਹ ਨੇਹਾ ਦੇ ਰੰਗ-ਰੂਪ ਦੇ ਬਰਾਬਰ ਦਾ ਨਾ ਹੁੰਦਾ। ਨੇਹਾ ਅਕਸਰ ਆਖਦੀ, "ਮੁੰਡੇ ਦਾ ਰੰਗ ਕੁਝ ਜ਼ਿਆਦਾ ਹੀ ਧੁਆਂਖਿਆ ਹੋਇਆ ਸੀ... ਜਿਹਨੇ ਰਿਸ਼ਤੇ ਦੀ ਗੱਲ ਤੋਰੀ ਵੇਖਣਾ ਤਾਂ ਚਾਹੀਦਾ ਸੀ ਕਿ ਕੁੜੀ ਲਈ ਮੁੰਡਾ ਚਾਹੀਦਾ ਕੋਈ ਨਜ਼ਰ-ਬੱਟੂ ਥੋੜ੍ਹਾ... ਲੋਕ ਵੀ ਹੱਦ ਕਰਦੇ ਨੇ...।"

ਜੇ ਮੁੰਡੇ ਦਾ ਰੰਗ ਸੁੱਖ ਨਾਲ ਚੰਗਾ ਹੁੰਦਾ ਤਾਂ ਗੱਲ ਨੈਣ-ਨਕਸ਼ਾਂ 'ਤੇ ਆ ਕੇ ਰੁਕ ਜਾਂਦੀ। ਕਦੇ ਆਖਦੀ ਨੱਕ ਫ਼ਿੰਨਾ... ਕਦੇ ਉਹਨੂੰ ਅੱਖਾਂ ਭੈਂਗੀਆਂ ਲੱਗਦੀਆਂ। ਕਿਸੇ ਨੂੰ ਆਖਦੀ, "ਨਿੱਕੀਆਂ-ਨਿੱਕੀਆਂ ਅੱਖਾਂ ਜਿਵੇਂ ਕੰਧ 'ਚ ਤਰੇੜ ਆਈ ਹੋਵੇ।"

ਮੈਂ ਉਸ ਨੂੰ ਬਥੇਰਾ ਸਮਝਾਉਂਦੀ ਕਿ ਰੰਗ ਤਾਂ ਪਰਮਾਤਮਾ ਦੇ ਬਣਾਏ ਹੋਏ ਦੋ ਹੀ ਨੇ ...ਬੰਦੇ ਦੀ ਸੂਰਤ ਨਾਲੋਂ ਸੀਰਤ ਚੰਗੀ ਹੋਵੇ ...ਪਰ ਉਹ ਹੱਸ ਕੇ ਆਖਦੀ, "ਅੱਛਾ ਜੀ! ਸੂਰਤ ਪਿੱਛੇ ਕੀ ਪਤਾ ਸੀਰਤ ਕਿਹੋ ਜਿਹੀ ਹੋਵੇ? ਉਹ ਤਾਂ ਨਸੀਬਾਂ ਦੀ ਗੱਲ ਐ... ਪਰ ਜੋ ਸਾਹਮਣੇ ਦਿਸਦੈ ਉਹ ਤਾਂ ਚੰਗਾ ਵਿਚਾਰ ਲਈਏ ...ਨਾਲੇ ਉਂਜ ਵੀ ਬੰਦਾ ਨਾਲ ਤੁਰਿਆ ਜਾਂਦਾ ਤਾਂ ਜਚਣਾ ਈ ਚਾਹੀਦੈ।" ਫਿਰ ਇੱਕ ਦਿਨ ਉਹਨੇ ਮੇਰੇ ਮੂਹਰੇ ਬਰਫ਼ੀ ਦਾ ਡੱਬਾ ਲਿਆ ਧਰਿਆ, ਪਰ ਮੂੰਹੋਂ ਕੁਝ ਨਾ ਆਖਿਆ। ਮੈਨੂੰ ਉਹਦੀਆਂ ਅੱਖਾਂ 'ਚ ਉੱਭਰੀ ਹੋਈ ਸ਼ਰਾਰਤ ਭਰੀ ਹਾਸੀ ਦਾ ਅੰਦਾਜ਼ਾ ਲਾਉਣ ਵਿੱਚ ਦੇਰ ਨਾ ਲੱਗੀ। ਮੈਂ ਉਹਨੂੰ ਮੁਬਾਰਕਬਾਦ ਦਿੰਦਿਆਂ ਆਪਣੀ ਬੁੱਕਲ ਵਿੱਚ ਲੈ ਲਿਆ। ਉਹ ਬਹੁਤ ਖ਼ੁਸ਼ ਸੀ ਤੇ ਮੈਂ ਝੂਠਾ ਜਿਹਾ ਮੂੰਹ ਬਣਾ ਕੇ ਰੋਸਾ ਵੀ ਕੀਤਾ ਕਿ ਉਹਨੇ ਮੈਨੂੰ ਸੱਦਿਆ ਵੀ ਨਹੀਂ ਤੇ ਚੁੱਪ ਚੁਪੀਤੇ...।

ਉਹ ਹੱਸ ਕੇ ਆਖਣ ਲੱਗੀ, "ਐਨੀ ਛੇਤੀ-ਛੇਤੀ ਹੋਇਆ ਸਭ... ਮੈਨੂੰ ਤਾਂ ਆਪ ਨਹੀਂ ਕੁਝ ਸੁੱਝਿਆ...। ਮੈਂ ਘਰ ਪਹੁੰਚੀ ਤਾਂ ਇਨ੍ਹਾਂ ਦੇ ਭੂਆ ਜੀ ਸਾਡੇ ਘਰ ਆਏ ਬੈਠੇ ਸਨ। ਉਹ ਸਾਡੀ ਰਿਸ਼ਤੇਦਾਰੀ ਵਿੱਚੋਂ ਨੇ। ਉਨ੍ਹਾਂ ਹੀ ਸਾਡਾ ਸਾਕ ਕਰਵਾਇਆ। ਪਰਸੋਂ ਦੂਜੇ ਸ਼ਨੀਵਾਰ ਦੀ ਛੁੱਟੀ ਆ ਗਈ ਤੇ ਉੱਦਣ ਹੀ ਸਾਰੀ ਗੱਲ-ਬਾਤ ਪੱਕੀ ਹੋ ਗਈ ਤੇ ਕੱਲ੍ਹ ਸਾਦੇ ਜਿਹੇ ਢੰਗ ਨਾਲ ਸਾਡੇ ਕੁੜਮਾਈ ਕਰ ਦਿੱਤੀ ਘਰਦਿਆਂ ਨੇ।"

ਮੈਂ ਉਹਨੂੰ ਹੱਸਦੇ ਹੋਏ ਪੁੱਛਿਆ, "ਖ਼ੁਸ਼ ਐਂ ਹੁਣ? ਹੁਣ ਦੱਸ ਤੇਰੇ ਨਾਲ ਤੁਰਿਆ ਜਾਂਦਾ ਜਚਦਾ ਏ ਕਿ ਨਹੀਂ... ਨਜ਼ਰ-ਬੱਟੂ ਤਾਂ ਨਈਂ ਲੱਗਦਾ?" ਉਹ ਮੇਰੀਆਂ ਗੱਲਾਂ ਸੁਣ ਹੱਸ ਪਈ। ਉਹਦੀਆਂ ਗੱਲ੍ਹਾਂ ਸੰਗ ਨਾਲ ਲਾਲ ਹੋ ਗਈਆਂ। ਉਹਨੇ ਦੱਸਿਆ ਕਿ ਮੁੰਡਾ ਇੰਜੀਨੀਅਰ ਹੈ। ਹਾਲੇ ਮਸਾਂ ਹਫ਼ਤਾ ਕੁ ਲੰਘਿਆ ਹੋਣਾ ਕਿ ਇੱਕ ਨੌਜਵਾਨ ਮੇਰੇ ਸਕੂਲ ਵਿਚ ਆ ਕੇ ਮੈਥੋਂ ਨੇਹਾ ਬਾਰੇ ਪੁੱਛਣ ਲੱਗਿਆ। ਮੈਂ ਉਸ ਨੌਜਵਾਨ ਨੂੰ ਦਫ਼ਤਰ ਵਿੱਚ ਬਿਠਾਇਆ। ਇੰਨੇ ਨੂੰ ਨੇਹਾ ਵੀ ਆ ਗਈ। ਉਸ ਨੌਜਵਾਨ ਨਾਲ ਉਹਨੇ ਮੇਰੀ ਰਸਮੀ ਤੌਰ 'ਤੇ ਜਾਣ-ਪਛਾਣ ਕਰਵਾਈ। ਭਾਵੇਂ ਮੈਂ ਉਸ ਨੌਜਵਾਨ ਨੂੰ ਵੇਖਦੇ ਸਾਰ ਬੁੱਝ ਲਿਆ ਸੀ ਕਿ ਉਹ ਕੌਣ ਹੈ? ਨੇਹਾ ਨੇ ਉਹਦੀਆਂ ਫੋਟੋਆਂ ਮੈਨੂੰ ਫੋਨ 'ਤੇ ਦਿਖਾਈਆਂ ਹੋਈਆਂ ਸਨ। ਹੁਣ ਉਹ ਦੂਜੇ-ਤੀਜੇ ਦਿਨ ਸਕੂਲ ਵਿੱਚ ਆ ਬੈਠਦਾ। ਮੈਨੂੰ ਉਹਦਾ ਇੰਜ ਰੋਜ਼ ਸਾਡੇ ਸਕੂਲ ਗੇੜੇ ਮਾਰਨਾ ਚੰਗਾ ਨਾ ਲੱਗਦਾ। ਨੇਹਾ ਦਾ ਫੋਨ ਹਰ ਘੜੀ ਕੰਨ ਨਾਲ ਲੱਗਿਆ ਰਹਿੰਦਾ। ਪਤਾ ਨਹੀਂ ਉਹ ਫੋਨ 'ਤੇ ਕਿੰਨੀਆਂ ਗੱਲਾਂ ਕਰਦੇ! ਮੈਂ ਹੈਰਾਨ ਹੁੰਦੀ, ਪਰ ਫੇਰ ਮੈਂ ਸੋਚਦੀ ਕਿ ਇਹ ਉਮਰ ਹੀ ਅਜਿਹੀ ਹੁੰਦੀ ਹੈ। ਮੈਂ ਗੱਲੀਂ-ਬਾਤੀਂ ਨੇਹਾ ਨੂੰ ਸਮਝਾਉਣਾ ਆਪਣਾ ਫ਼ਰਜ਼ ਸਮਝਿਆ ਕਿ ਹਾਲੇ ਨਵਾਂ-ਨਵਾਂ ਰਿਸ਼ਤਾ ਏ... ਬਹੁਤੀਆਂ ਗੱਲਾਂ ਵੀ ਚੰਗੀਆਂ ਨਹੀਂ ਹੁੰਦੀਆਂ... ਆਪਣੇ ਦਿਲ ਦੇ ਭੇਤ ਕਿਸੇ ਅੱਗੇ ਫਰੋਲਣ ਦੀ ਕਾਹਲ਼ ਨਹੀਂ ਕਰੀਦੀ। ਮੇਰੀਆਂ ਗੱਲਾਂ ਸੁਣ ਕੇ ਉਹਦੇ ਮੱਥੇ 'ਤੇ ਵੱਟ ਪੈਂਦੇ ਮੈਨੂੰ ਸਾਫ਼ ਦਿਖਾਈ ਦੇਣ ਲੱਗੇ। ਮੈਂ ਉਹਨੂੰ ਕੁਝ ਵੀ ਕਹਿਣ ਤੋਂ ਡਰਨ ਲੱਗੀ। ਉਹ ਨੌਜਵਾਨ ਜਿਸ ਦਾ ਨਾਂ ਸੂਰਜ ਸੀ ਦੇ ਗੇੜੇ ਸਾਡੇ ਸਕੂਲ 'ਚ ਹੋਰ ਵਧਣ ਲੱਗੇ। ਕਦੇ ਉਹ ਨੇਹਾ ਨੂੰ ਛੱਡਣ ਆਉਂਦਾ ਤੇ ਕਦੇ ਲੈਣ। ਮੈਂ ਹੈਰਾਨ ਹੁੰਦੀ ਕਿ ਉਹਨੂੰ ਰੋਜ਼-ਰੋਜ਼ ਇੰਨਾ ਸਮਾਂ ਕਿੰਜ ਮਿਲ ਜਾਂਦਾ ਹੈ? ਉਹ ਡਿਊਟੀ 'ਤੇ ਕਿਹੜੇ ਵੇਲੇ ਜਾਂਦਾ ਹੋਊ? ਮੈਨੂੰ ਉਂਜ ਵੀ ਉਸ ਨੌਜਵਾਨ ਦਾ ਵਤੀਰਾ ਹੁਣ ਬੜਾ ਅਜੀਬ ਲੱਗਦਾ।

ਪਤਾ ਨਹੀਂ ਕਿਉਂ ਮੇਰੇ ਮਨ ਨੂੰ ਹਰ ਵੇਲੇ ਇੱਕ ਧੁੜਕੂ ਜਿਹਾ ਲੱਗਿਆ ਰਹਿੰਦਾ ਜਿਵੇਂ ਨੇਹਾ ਨਾਲ ਕੋਈ ਬਹੁਤ ਵੱਡਾ ਧੋਖਾ ਹੋਣ ਵਾਲਾ ਹੋਵੇ, ਪਰ ਮੈਂ ਚਾਹੁੰਦੀ ਹੋਈ ਵੀ ਉਸ ਨੂੰ ਕੁਝ ਨਾ ਕਹਿ ਸਕਦੀ। ਇੱਕ ਦਿਨ ਨੇਹਾ ਕਿਸੇ ਜ਼ਰੂਰੀ ਕੰਮ ਦਾ ਬਹਾਨਾ ਬਣਾ ਕੇ ਅੱਧੇ ਦਿਨ ਦੀ ਛੁੱਟੀ ਲੈ ਕੇ ਚਲੀ ਗਈ। ਛੁੱਟੀ ਤੋਂ ਬਾਅਦ ਜਦੋਂ ਮੈਂ ਘਰ ਪਹੁੰਚੀ ਤਾਂ ਨੇਹਾ ਦੀ ਮਿਸ ਕਾਲ ਆਈ ਵੇਖੀ। ਦੁਬਾਰਾ ਫੋਨ ਕੀਤਾ ਤਾਂ ਉਹ ਆਖਣ ਲੱਗੀ ਕਿ ਜੇਕਰ ਘਰੋਂ ਕੋਈ ਫੋਨ ਆਇਆ ਤਾਂ ਤੁਸੀਂ ਆਖ ਦਿਓ ਕਿ ਕੋਈ ਜ਼ਰੂਰੀ ਡਾਕ ਲੈ ਕੇ ਦਫ਼ਤਰ ਜਾਣਾ ਪਿਆ। ਇਸ ਕਾਰਨ ਲੇਟ ਹੋ ਸਕਦੀ ਹੈ। ਮੈਂ ਅੱਗੋਂ ਕੁਝ ਆਖਾਂ, ਇਸ ਤੋਂ ਪਹਿਲਾਂ ਹੀ ਉਸ ਨੇ ਫੋਨ ਕੱਟ ਦਿੱਤਾ। ਮੈਨੂੰ ਨੇਹਾ ਦੇ ਇਸ ਝੂਠ 'ਤੇ ਬਹੁਤ ਗੁੱਸਾ ਆਇਆ, ਪਰ ਮੈਂ ਕੀ ਕਹਿ ਸਕਦੀ ਸਾਂ ਹੁਣ?

ਅਗਲੇ ਦਿਨ ਮੁੜ ਉਹ ਨੌਜਵਾਨ ਸੂਰਜ ਉਹਨੂੰ ਛੱਡਣ ਸਕੂਲ ਆਇਆ। ਮੈਂ ਉਸ ਨੌਜਵਾਨ ਨੂੰ ਆਖ ਦਿੱਤਾ ਕਿ ਤੁਸੀਂ ਸਕੂਲ ਨਾ ਆਇਆ ਕਰੋ... ਚੰਗਾ ਨਹੀਂ ਲੱਗਦਾ... ਪਿੰਡ ਦੇ ਲੋਕਾਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਨ ਦਾ ਮੌਕਾ ਨਾ ਦਿਓ ਤਾਂ ਚੰਗਾ ਹੈ...। ਨੌਜਵਾਨ ਬਿਨਾਂ ਕੁਝ ਆਖਿਆਂ ਮੱਥੇ ਵੱਟ ਪਾ ਕਾਹਲ਼ੇ-ਕਾਹਲ਼ੇ ਕਦਮ ਪੁੱਟ ਉੱਥੋਂ ਚਲਾ ਗਿਆ। ਉਹਦੇ ਜਾਣ ਤੋਂ ਬਾਅਦ ਨੇਹਾ ਗੁੱਸੇ ਨਾਲ ਆਖਣ ਲੱਗੀ, "ਮੈਡਮ! ਉਹ ਮੇਰਾ ਹੋਣ ਵਾਲਾ ਘਰਵਾਲਾ ਏ... ਤਾਂ ਕੀ ਹੋਇਆ ਜੇ ਉਹ ਮੈਨੂੰ ਛੱਡਣ ਜਾਂ ਲੈਣ ਆਉਂਦੈ? ...ਤੁਹਾਨੂੰ ਕਿਉਂ ਬੁਰਾ ਲੱਗਦੈ? ਉਹ ਕਿਹੜਾ ਮੇਰੇ ਲਈ ਹੁਣ ਗ਼ੈਰ ਐ ਜਿਹਦੀਆਂ ਲੋਕ ਗੱਲਾਂ ਬਣਾਉਣ...?"

ਮੈਂ ਨੇਹਾ ਦੀਆਂ ਗੱਲਾਂ ਸੁਣ ਕੇ ਉਹਨੂੰ ਪਿਆਰ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ, "ਦੇਖ! ਹਾਲੇ ਤੁਹਾਡਾ ਰਿਸ਼ਤਾ ਕੱਚੇ ਚੌਲਾਂ ਜਿਹਾ ਏ..." ਨੇਹਾ ਮੇਰੀ ਗੱਲ ਨੂੰ ਵਿੱਚ ਹੀ ਕੱਟਦੀ ਹੋਈ ਆਖਣ ਲੱਗੀ, "ਕੱਚਿਆਂ ਚੌਲਾਂ ਵਰਗੀ ਕੋਈ ਗੱਲ ਨਹੀਂ... ਪਿੰਡ ਦੇ ਲੋਕਾਂ ਨੂੰ ਤਾਂ ਕੋਈ ਤਕਲੀਫ਼ ਨਹੀਂ... ਪਰ ਤੁਹਾਡੀ ਪਤਾ ਨਹੀਂ ਕੀ ਸਮੱਸਿਆ ਹੈ ਜਿਹੜੇ ਮੇਰੇ ਨਾਲ ਖਾਰ ਖਾਂਦੇ ਓ...!" ਮੈਂ ਨੇਹਾ ਦੀਆਂ ਇੰਨੀਆਂ ਕੌੜੀਆਂ ਗੱਲਾਂ ਸੁਣ ਕੇ ਹੋਰ ਕੁਝ ਵੀ ਕਹਿਣ ਤੋਂ ਅਸਮਰੱਥ ਹੋ ਗਈ ਤੇ ਮੁੜ ਕਦੇ ਵੀ ਕੁਝ ਨਾ ਕਹਿਣ ਦਾ ਮਨ ਹੀ ਮਨ ਫ਼ੈਸਲਾ ਕਰ ਲਿਆ। ਕੁਲਜੀਤ ਨੇ ਵੀ ਉਹਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਦੇਖ ਹਰ ਰਿਸ਼ਤੇ ਦੀ ਇਕ ਮਾਣ ਮਰਿਆਦਾ ਹੁੰਦੀ ਐ... ਇਹ ਮਰਿਆਦਾ ਬਣਾਈ ਰੱਖਣੀ ਕੋਈ ਬਹੁਤੀ ਸੌਖੀ ਨਹੀਂ ਹੁੰਦੀ... ਨਵੇਂ ਸਹੇੜੇ ਰਿਸ਼ਤਿਆਂ ਦੇ ਰਾਹ ਵਿੱਚ ਹਰ ਕਦਮ ਬਹੁਤ ਬੋਚ-ਬੋਚ ਧਰਨਾ ਪੈਂਦਾ ਏ... ਨੀਤੂ ਮੈਡਮ ਕੁਝ ਗ਼ਲਤ ਨਹੀਂ ਕਹਿ ਰਹੇ..." ਪਰ ਨੇਹਾ ਕੁਲਜੀਤ ਨਾਲ ਵੀ ਉਲਝ ਪਈ।

ਮੈਂ ਨੇਹਾ ਨੂੰ ਬੁਲਾਉਣਾ ਬਹੁਤ ਘੱਟ ਕਰ ਦਿੱਤਾ ਤੇ ਨੇਹਾ ਵੀ ਹੁਣ ਮੇਰੇ ਕੋਲ ਘੱਟ ਹੀ ਖੜ੍ਹਦੀ-ਬੈਠਦੀ। ਇੱਕ ਦਿਨ ਉਹ ਸਕੂਲ ਨਾ ਆਈ। ਭਾਵੇਂ ਰਜਿਸਟਰ ਵਿੱਚ ਉਹਦੀ ਛੁੱਟੀ ਭਰੀ ਹੋਈ ਸੀ, ਪਰ ਉਹ ਸਕੂਲ ਵਿੱਚ ਗ਼ੈਰਹਾਜ਼ਰ ਹੋ ਕੇ ਵੀ ਮੇਰੇ ਮਨ ਵਿੱਚ ਹਾਜ਼ਰੀ ਲੁਆ ਸਾਰਾ ਦਿਨ ਘੁੰਮਦੀ ਰਹੀ। ਜਦੋਂ ਅਗਲੇ ਦਿਨ ਉਹ ਸਕੂਲ ਆਈ, ਉਹਦਾ ਗੁੰਮ-ਸੁੰਮ ਅਤੇ ਮੁਰਝਾਇਆ ਚਿਹਰਾ ਵੇਖ ਕੇ ਮੇਰੇ ਮਨ ਵਿੱਚ ਅਜੀਬ-ਅਜੀਬ ਖ਼ਿਆਲ ਦਸਤਕ ਦੇਣ ਲੱਗੇ। ਇੱਕ ਵਾਰ ਤਾਂ ਮੇਰਾ ਮਨ ਕੀਤਾ ਕਿ ਮੈਂ ਉਹਨੂੰ ਬੁਲਾਵਾਂ ਤੇ ਇੱਕ ਵੱਡੀ ਭੈਣ ਵਾਂਗੂੰ ਉਹਦੇ ਚਿਹਰੇ 'ਤੇ ਪਸਰੀ ਉਦਾਸੀ ਦਾ ਕਾਰਨ ਪੁੱਛਾਂ, ਪਰ ਮੈਂ ਫਿਰ ਵੀ ਚੁੱਪ ਵੱਟੀ ਰੱਖੀ। ਮੈਂ ਆਪਣੇ ਮਨ ਵਿੱਚ ਉੱਗੀਆਂ ਉੱਬੜ-ਖਾਬੜ ਸੋਚਾਂ ਨੂੰ ਕੁਲਜੀਤ ਨਾਲ ਸਾਂਝਾ ਕੀਤਿਆਂ ਬਗੈਰ ਨਾ ਰਹਿ ਸਕੀ। ਮੈਂ ਕੁਲਜੀਤ ਨੂੰ ਉਹਦੇ ਨਾਲ ਗੱਲ ਕਰ ਕੇ ਉਹਦੀ ਚਿੰਤਾ ਦੂਰ ਕਰਨ ਲਈ ਕਿਹਾ। ਜਦੋਂ ਕੁਲਜੀਤ ਉਹਦੇ ਨਾਲ ਗੱਲ ਕਰਨ ਲੱਗੀ ਤਾਂ ਉਹ ਫਿੱਸ ਪਈ ਤੇ ਕੁਲਜੀਤ ਦੇ ਗਲ ਲੱਗ ਕੇ ਅੱਖਾਂ ਭਰਦੀ ਹੋਈ ਆਖਣ ਲੱਗੀ, "ਮੈਡਮ! ਸੂਰਜ ਮੇਰੇ 'ਤੇ ਗ਼ਲਤ ਸ਼ੱਕ ਕਰਦੈ... ਉਹ ਹੁਣ ਪਹਿਲਾਂ ਵਰਗਾ ਨਹੀਂ ਰਿਹਾ...। ਉਹ ਗੱਲ-ਗੱਲ 'ਤੇ ਮੈਨੂੰ ਪੁੱਛਦੈ ਕਿ ਤੇਰੀ ਪਹਿਲਾਂ ਕਿਸੇ ਮੁੰਡੇ ਨਾਲ ਦੋਸਤੀ ਸੀ ...ਜਾਂ ਕੋਈ ਮੁੰਡਾ ਤੈਨੂੰ ਪਸੰਦ ਸੀ? ਮੈਂ ਉਹਨੂੰ ਕਿੰਨੀ ਵਾਰ ਆਖ ਚੁੱਕੀ ਹਾਂ ਕਿ ਮੇਰੇ ਨਾਲ ਅਜਿਹੀਆਂ ਗੱਲਾਂ ਨਾ ਕਰਿਆ ਕਰ, ਪਰ ਉਹਦੀ ਸੂਈ ਹਮੇਸ਼ਾਂ ਅਜਿਹੀਆਂ ਗੱਲਾਂ 'ਤੇ ਹੀ ਅੜੀ ਰਹਿੰਦੀ ਏ। ਜੇਕਰ ਅਸੀਂ ਕਿਧਰੇ ਇਕੱਠੇ ਜਾਂਦੇ ਹਾਂ ਤਾਂ ਅਕਸਰ ਆਖਦਾ ਹੈ, 'ਵੇਖ! ਉਹ ਮੁੰਡਾ ਤੇਰੇ ਵੱਲ ਕਿੰਜ ਘੂਰ-ਘੂਰ ਕੇ ਵੇਖ ਰਿਹਾ ਏ... ਮੇਰਾ ਜੀਅ ਕਰਦੈ ਧੌਣ ਤੋਂ ਫੜ ਕੇ ਮਰੋੜ ਸੁੱਟਾਂ... ਤੂੰ ਜਾਣਦੀ ਤਾਂ ਨਹੀਂ ਉਸ ਮੁੰਡੇ ਨੂੰ? ... ਤੂੰ ਵੀ ਬਹੁਤਾ ਏਧਰ ਉਧਰ ਨਾ ਵੇਖਿਆ ਕਰ... ਅੱਛਾ! ਕਾਲਜ ਟਾਈਮ 'ਚ ਤੂੰ ਕਿੰਨੇ ਕੁ ਮੁੰਡਿਆਂ ਨੂੰ ਜਾਣਦੀ ਸੀ?'

ਮੈਨੂੰ ਉਹਦੀਆਂ ਇਹ ਅਜੀਬ ਗੱਲਾਂ ਬਹੁਤ ਚੁੱਭਦੀਆਂ ਨੇ। ਮੈਂ ਉਹਨੂੰ ਕਿੰਨੀ ਵਾਰ ਸਮਝਾ ਚੁੱਕੀ ਹਾਂ ਕਿ ਜਮਾਤ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਮੈਂ ਜਾਣਦੀ ਸਾਂ ਤੇ ਉਹ ਮੈਨੂੰ, ਪਰ ਕਦੇ ਕਿਸੇ ਨਾਲ ਮੈਂ ਗ਼ਲਤ ਨਹੀਂ ਸਾਂ... ਉਲਟਾ ਉਹ ਮੈਨੂੰ ਤਨਜ਼ ਕੱਸਦਾ ਏ, 'ਤੂੰ ਐਨੀ ਸੋਹਣੀ... ਕਿਸੇ ਨਾ ਕਿਸੇ ਮੁੰਡੇ ਨੇ ਤਾਂ ਕਦੇ ਨਾ ਕਦੇ ਤੇਰਾ ਰਾਹ ਜ਼ਰੂਰ ਰੋਕਿਆ ਹੋਣਾ ਤੇ ਤੇਰੇ ਮਨ ਵਿੱਚ ਵੀ ਉਹਦੇ ਲਈ ਕੋਈ ਨਾ ਕੋਈ ਖਿਆਲ ਜ਼ਰੂਰ ਆਇਆ ਹੋਣਾ ਏ... ਦੱਸ! ਮੈਂ ਕਿਹੜਾ ਉਹਨੂੰ ਪੁੱਛਣ ਚੱਲਿਆ...।' ਮੈਂ ਉਹਨੂੰ ਸਮਝਾ-ਸਮਝਾ ਥੱਕ ਗਈ ਹਾਂ ਕਿ ਕਾਲਜ ਦੀ ਜ਼ਿੰਦਗੀ ਬਹੁਤ ਪਿੱਛੇ ਛੁੱਟ ਗਈ ਐ... ਹੁਣ ਆਪਾਂ ਆਉਣ ਵਾਲੀ ਜ਼ਿੰਦਗੀ ਬਾਰੇ ਸੋਚੀਏ। ਇਸ ਗੱਲ 'ਤੇ ਉਹ ਚੁੱਪ ਵੱਟ ਲੈਂਦਾ ਤੇ ਫੇਰ ਮੁੜ ਮੇਰੀ ਕਿਸੇ ਗੱਲ ਦਾ ਹੁੰਗਾਰਾ ਵੀ ਨਹੀਂ ਭਰਦਾ। ਹੁਣ ਤਾਂ ਮੈਨੂੰ ਇੰਜ ਲੱਗਦਾ ਏ ਜਿਵੇਂ ਮੈਂ ਬਹੁਤ ਵੱਡੀ ਗ਼ਲਤੀ ਕਰ ਬੈਠੀ ਉਸ ਨੂੰ ਆਪਣਾ ਜੀਵਨ ਸਾਥੀ ਚੁਣ ਕੇ... ਪਰ ਹੁਣ ਮੈਂ ਕੀ ਕਰਾਂ? ... ਕੁਝ ਸਮਝ ਨਹੀਂ ਆਉਂਦਾ ਤੇ ਅਗਲੇ ਮਹੀਨੇ ਸਾਡਾ ਵਿਆਹ ਐ। ਮੇਰੇ ਘਰ ਦੇ ਸਾਰੇ ਖ਼ੁਸ਼ ਨੇ, ਇਸ ਲਈ ਮੈਂ ਵਿਆਹ ਤੋਂ ਵੀ ਇਨਕਾਰ ਨਹੀਂ ਕਰ ਸਕਦੀ...।" ਕੁਲਜੀਤ ਮੈਡਮ ਨੇ ਉਸ ਨੂੰ ਸਮਝਾਇਆ ਅਤੇ ਹਿੰਮਤ ਦਿੱਤੀ ਕਿ ਇੱਕ ਵਾਰ ਇਸ ਬਾਰੇ ਆਪਣੇ ਘਰਦਿਆਂ ਨਾਲ ਗੱਲ ਕਰੇ। ਉਹ ਕੋਈ ਨਾ ਕੋਈ ਹੱਲ ਜ਼ਰੂਰ ਕੱਢਣਗੇ ਅਤੇ ਸੂਰਜ ਨਾਲ ਥੋੜ੍ਹੇ ਦਿਨ ਗੱਲ ਬਿਲਕੁਲ ਨਾ ਕਰੇ ਤਾਂ ਕਿ ਉਹਨੂੰ ਵੀ ਸਮਝ ਆਵੇ ਕਿ ਕੋਈ ਵੀ ਰਿਸ਼ਤਾ ਵਿਸ਼ਵਾਸ ਦੀ ਬੁਨਿਆਦ 'ਤੇ ਹੀ ਟਿਕਦਾ ਹੈ। ਰਿਸ਼ਤਾ ਬਣਨ ਤੋਂ ਪਹਿਲਾਂ ਹੀ ਆਏ ਸ਼ੱਕ ਦੇ ਘੇਰਿਆਂ ਵਿੱਚ ਕੋਈ ਵੀ ਰਿਸ਼ਤਾ ਠਹਿਰ ਨਹੀਂ ਸਕਦਾ।

ਨੇਹਾ ਦੇ ਮਨ ਵਿੱਚ ਜਿਹੜੀ ਗੰਢ ਬੱਝ ਚੁੱਕੀ ਸੀ ਉਹ ਸਮੇਂ ਦੇ ਫੇਰ ਨਾਲ ਹੋਰ ਵੀ ਪੀਢੀ ਹੋ ਰਹੀ ਸੀ। ਉਹਨੇ ਸੂਰਜ ਨਾਲ ਗੱਲ ਕਰਨੀ ਬਹੁਤ ਹੀ ਘਟਾ ਦਿੱਤੀ ਅਤੇ ਉਹ ਸਕੂਲ ਵਿੱਚ ਉਦਾਸ ਜਿਹੀ ਰਹਿਣ ਲੱਗੀ। ਉਹਨੂੰ ਆਪਣੇ ਵਿਆਹ ਦਾ ਚਾਅ ਗੁਆਚਿਆ ਜਿਹਾ ਲੱਗਦਾ। ਮੈਥੋਂ ਉਹਦੀ ਇਹ ਹਾਲਤ ਵੇਖੀ ਨਾ ਗਈ। ਇੱਕ ਦਿਨ ਮੈਂ ਅੱਧੀ ਛੁੱਟੀ ਵੇਲੇ ਉਹਦੇ ਕੋਲ ਜਾ ਬੈਠੀ ਤੇ ਉਹਦਾ ਹਾਲ-ਚਾਲ ਪੁੱਛਣ ਲੱਗੀ। ਉਹ ਬਹੁਤ ਹੀ ਬੁਝੇ ਜਿਹੇ ਮਨ ਨਾਲ ਮੇਰੀਆਂ ਪੁੱਛੀਆਂ ਗੱਲਾਂ ਦਾ ਜਵਾਬ ਦਿੰਦੀ ਰਹੀ। ਜਿੰਨੀ ਕੁ ਮੈਂ ਗੱਲ ਕਰਾਂ ਓਨਾ ਕੁ ਹੀ ਉਹ ਹੁੰਗਾਰਾ ਭਰਦੀ। ਉਹ ਵੀ ਰਸਮੀ ਤੌਰ 'ਤੇ। ਮੈਨੂੰ ਉਹਦਾ ਇਹ ਵਤੀਰਾ ਬਹੁਤ ਚੁੱਭ ਰਿਹਾ ਸੀ। ਮੈਂ ਮਨ ਕਰੜਾ ਜਿਹਾ ਕਰ ਕੇ ਉੱਥੋਂ ਉੱਠ ਕੇ ਆਪਣੀ ਜਮਾਤ ਵਿੱਚ ਆ ਗਈ, ਪਰ ਮੇਰੀਆਂ ਸੋਚਾਂ ਉਹਦੇ ਆਲੇ-ਦੁਆਲੇ ਹੀ ਘੁੰਮਦੀਆਂ ਰਹੀਆਂ। ਮੇਰਾ ਜੀਅ ਕਰੇ ਮੈਂ ਉਹਨੂੰ ਕਹਾਂ ਕਿ ਹਾਲੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ... ਇਨਕਾਰ ਕਰ ਦੇ ਇਸ ਰਿਸ਼ਤੇ ਤੋਂ ਜਿਹਨੂੰ ਪਹਿਲਾਂ ਹੀ ਸ਼ੱਕ ਦੀਆਂ ਤੰਦਾਂ ਉਲਝਾ ਬੈਠੀਆਂ... ਤੇਰੇ ਮਾਂ-ਪਿਓ ਵੀ ਤੇਰੀ ਹਾਲਤ ਸਮਝ ਲੈਣਗੇ... ਇੱਕ ਵਾਰ ਉਨ੍ਹਾਂ ਨਾਲ ਗੱਲ ਕਰਕੇ ਤਾਂ ਵੇਖ...।

ਅਗਲੇ ਦਿਨ ਜਦੋਂ ਮੈਂ ਸਕੂਲ ਪਹੁੰਚੀ ਤਾਂ ਉਸ ਦਾ ਮੁਰਝਾਇਆ ਚਿਹਰਾ ਅੱਜ ਕੁਝ ਠੀਕ ਲੱਗ ਰਿਹਾ ਸੀ। ਮੈਂ ਕੁਲਜੀਤ ਮੈਡਮ ਨੂੰ ਪੁੱਛਿਆਂ ਤਾਂ ਉਨ੍ਹਾਂ ਦੱਸਿਆ ਕਿ ਪਿਛਲੇ ਹਫ਼ਤੇ ਨੇਹਾ ਨੇ ਆਪਣੀ ਵੱਡੀ ਭੈਣ ਨਾਲ ਸੂਰਜ ਦੇ ਅਜਿਹੇ ਵਰਤਾਓ ਬਾਰੇ ਗੱਲ ਕੀਤੀ ਸੀ ਜਿਹੜੀ ਛੇਤੀ ਹੀ ਸਾਰੇ ਪਰਿਵਾਰਕ ਮੈਂਬਰਾਂ ਤੱਕ ਪੁੱਜਦੀ ਹੋ ਗਈ। ਭੂਆ ਵਿਚੋਲਣ ਤੱਕ ਵੀ ਗੱਲ ਅੱਪੜਨ ਵਿੱਚ ਦੇਰ ਨਾ ਲੱਗੀ। ਦੋਵੇਂ ਪਰਿਵਾਰਾਂ ਨੇ ਸੂਰਜ ਤੇ ਨੇਹਾ ਦੇ ਮਨਾਂ ਵਿੱਚ ਆਈਆਂ ਗੁੰਝਲਾਂ ਨੂੰ ਖੋਲ੍ਹਣ ਲਈ ਉਨ੍ਹਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਗੱਲ ਸਪੱਸ਼ਟ ਕਰਨ ਦਾ ਮਤਾ ਪੁਗਾ ਲਿਆ ਤਾਂ ਜੋ ਭਵਿੱਖ ਵਿੱਚ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਵਿੱਚ ਕਿਸੇ ਤਰ੍ਹਾਂ ਦੀ ਗੰਢ ਕਿਸੇ ਦੇ ਵੀ ਮਨ ਵਿੱਚ ਬੱਝੀ ਨਾ ਰਹੇ। ਕੱਲ੍ਹ ਸੂਰਜ ਨੇ ਆਪਣੇ ਮਨ ਵਿੱਚ ਆਏ ਇਨ੍ਹਾਂ ਬੇਲੋੜੇ ਵਾਵਰੋਲਿਆਂ ਲਈ ਮੁਆਫ਼ੀ ਮੰਗਣ ਲੱਗਿਆਂ ਦੇਰ ਨਾ ਲਾਈ। ਉਹ ਆਪਣੇ ਵਤੀਰੇ ਤੋਂ ਸ਼ਰਮਿੰਦਾ ਹੈ ਤੇ ਉਹਨੇ ਵਾਅਦਾ ਕੀਤਾ ਕਿ ਅੱਗੇ ਤੋਂ ਕਦੇ ਵੀ ਅਜਿਹੀ ਘਟੀਆ ਗੱਲ ਨਹੀਂ ਕਰੇਗਾ। ਆਪਣੀ ਗ਼ਲਤੀ ਦਾ ਉਸ ਨੂੰ ਹੁਣ ਅਹਿਸਾਸ ਹੋ ਗਿਆ ਹੈ।

ਮੈਂ ਕੁਲਜੀਤ ਮੈਡਮ ਦੀ ਗੱਲ ਸੁਣ ਕੇ ਮੁੜ ਚੁੱਪ ਹੋ ਗਈ ਤੇ ਸੋਚਣ ਲੱਗੀ ਕਿ ਔਰਤ ਕਿੰਨੀ ਭੋਲ਼ੀ ਹੁੰਦੀ ਹੈ ਜਿਹਨੂੰ ਪਿਆਰ ਕਰਦੀ ਹੈ ਕਿੰਨੀ ਛੇਤੀ ਉਸ 'ਤੇ ਇਤਬਾਰ ਕਰ ਲੈਂਦੀ ਹੈ। ਪਰ ਮੈਨੂੰ ਸੂਰਜ 'ਤੇ ਭੋਰਾ ਵੀ ਭਰੋਸਾ ਨਹੀਂ ਸੀ, ਮੇਰੇ ਮਨ ਅੰਦਰ ਅਜੀਬ ਜਿਹੇ ਸਵਾਲ ਉੱਠ ਰਹੇ ਸਨ ਕਿ ਕੀ ਸੱਚਮੁੱਚ ਸੂਰਜ ਮੁੜ ਅਜਿਹੇ ਸਵਾਲ ਉਸ ਦੇ ਸਾਹਮਣੇ ਨਹੀਂ ਦੁਹਰਾਏਗਾ? ਕਿਉਂਕਿ ਜਿਸ ਰਿਸ਼ਤੇ ਦੀ ਸ਼ੁਰੂਆਤ ਹੀ ਅਜਿਹੇ ਸਵਾਲਾਂ 'ਤੇ ਹੋਵੇ... ਉਸ ਰਿਸ਼ਤੇ ਦੀ ਉਮਰ ਕਿੰਨੀ ਕੁ ਹੋ ਸਕਦੀ ਹੈ? ਮੈਂ ਮੁੜ ਨੇਹਾ ਨੂੰ ਸਮਝਾਉਣਾ ਚਾਹੁੰਦੀ ਸਾਂ, ਪਰ ਚਾਹ ਕੇ ਵੀ ਉਸ ਦੇ ਖਿੜੇ ਚਿਹਰੇ ਨੂੰ ਵੇਖ ਕੇ ਕੁਝ ਨਾ ਆਖ ਸਕੀ। ਉਹਨੇ ਆਪਣੇ ਵਿਆਹ ਦਾ ਕਾਰਡ ਤੇ ਮਠਿਆਈ ਦਾ ਡੱਬਾ ਜਦੋਂ ਮੈਨੂੰ ਦਿੱਤਾ, ਮੈਨੂੰ ਉਹਦੀਆਂ ਅੱਖਾਂ ਵਿੱਚ ਅਜੀਬ ਜਿਹੇ ਸਵਾਲਾਂ ਦੇ ਪਰਛਾਵਿਆਂ ਦੀ ਗੂੜ੍ਹੀ ਝਲਕ ਮਹਿਸੂਸ ਹੋਈ। ਪਤਾ ਨਹੀਂ ਇਹ ਮੇਰੇ ਮਨ ਦਾ ਵਹਿਮ ਸੀ ਜਾਂ ਕੁਝ ਹੋਰ। ਮੈਨੂੰ ਇੰਜ ਲੱਗਿਆ ਜਿਵੇਂ ਉਹ ਕਹਿ ਰਹੀ ਹੋਵੇ ਕਿ ਮੈਂ ਜਿੱਤ ਗਈ ਹਾਂ, ਦੇਖੋ ਮੇਰੇ ਹੱਥਾਂ 'ਤੇ ਰੰਗਲੀ ਮਹਿੰਦੀ ਲੱਗਣ ਜਾ ਰਹੀ ਹੈ... ਹੁਣ ਸੂਰਜ ਭਾਵੇਂ ਮੈਨੂੰ ਲੈਣ ਆਵੇ ਭਾਵੇਂ ਛੱਡਣ... ਤੁਸੀਂ ਕੀ ਕਹਿ ਕੇ ਰੋਕੋਗੇ? ... ਤੁਹਾਡੇ ਕੱਚੇ ਚੌਲ ਤੁਹਾਨੂੰ ਮੁਬਾਰਕ...।


हरियाणा सरकार
गणतंत्र के गौरव गान में, भारत की शान में,
आओ फहराएं तिरंगा, संविधान के सम्मान में
26 ਜਨਵਰੀ, 2026
ਗਣਤੰਤਰ ਦਿਵਸ
ਦੇ ਮੌਕੇ 'ਤੇ ਦੇਸ਼ ਵਾਸੀਆਂ ਨੂੰ
ਹਾਰਦਿਕ ਸ਼ੁਭਕਾਮਨਾਵਾਂ
"गणतंत्र दिवस की ढेरों शुभकामनाएं !
इस अवसर पर हम उन सभी महान विभूतियों को नमन करते हैं,
जिन्होंने हमारा संविधान बनाकर यह सुनिश्चित किया कि
हमारी विकास यात्रा लोकतंत्र, गरिमा और एकता पर आधारित हो।"
- नरेन्द्र मोदी
ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ, ਹਰਿਆਣਾ
www.prharyana.gov.in | Follow us on @diprharyana